# ਕੈਨੇਡਾ ਦਰਪਣ

18 ਦਸੰਬਰ, 1987

**December 18, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

Price 50¢ Weekending December 18, 1987 Vol. 6 No. 46 Out of Greater Vancouver 65¢ Second Class Mail Reg. No. 5991

# ਕੈਨੇਡਾ ਦਰਪਣ

**The Canada Darpan** Punjabi Weekly Newspaper P.O.BOX 265, Surrey, B.C. V3T 4W8 Ph. (604) 581-4473

## ਫ਼ਤਹਿਗੜ੍ਹ ਤੇ ਦਿੱਲੀ ਵਿਚ ਧਰਨੇ

# ਪ੍ਰੋ: ਦਰਸ਼ਨ ਸਿੰਘ ਘਰ ਵਿਚ ਨਜ਼ਰਬੰਦ

ਚੰਡੀਗੜ੍ਹ — 3 ਦਸੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ: ਦਰਸ਼ਨ ਸਿੰਘ ਨੂੰ ਉਨ੍ਹਾਂ ਦੇ ਪਿੰਡ ਜ਼ੀਰਕਪੁਰ ਵਿਚ ਇਕ ਮਹੀਨੇ ਲਈ ਉਨ੍ਹਾਂ ਦੇ ਘਰ ਹੀ ਨਜ਼ਰਬੰਦ ਕਰ ਦਿੱਤਾ ਗਿਆ। 2000 ਸਿੱਖਾਂ ਦਾ ਇਕੱਠ 4 ਦਸੰਬਰ ਨੂੰ ਫਤਹਿਗੜ੍ਹ ਸਾਹਿਬ ਵਿਖੇ ਹੋਇਆ ਜਿਥੋਂ ਇਨ੍ਹਾਂ ਨੇ ਦਿੱਲੀ ਲਈ ਰਵਾਨਾ ਹੋਣਾ ਸੀ ਪਰ ਪੁਲਸ ਅਧਿਕਾਰੀਆਂ ਨੇ ਹਾਜ਼ਰ ਲੋਕਾਂ ਨੂੰ ਹਿਰਾਸਤ ਵਿਚ ਲੈ ਲਿਆ।



ਪ੍ਰੋ: ਦਰਸ਼ਨ ਸਿੰਘ

### ਬਾਦਲ ਅਤੇ ਅਮਰਿੰਦਰ ਸਿੰਘ ਪਹੁੰਚੇ

ਫਤਹਿਗੜ੍ਹ ਸਾਹਿਬ ਪੰਜਾਬ ਦੇ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਂਝੇ ਅਕਾਲੀ ਦਲ ਦੇ ਹੋਰ ਨੇਤਾਵਾਂ ਨਾਲ ਅਮਰਿੰਦਰ ਸਿੰਘ ਵੀ ਧਰਨਾ ਦੇਣ ਵਿਚ ਸ਼ਾਮਲ ਹੋਣ ਲਈ ਪਹੁੰਚੇ। ਇਨ੍ਹਾਂ ਨੇਤਾਵਾਂ ਨੂੰ ਵੀ ਮੌਕੇ ਉਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਪਰ ਚਾਰ ਘੰਟੇ ਪਿਛੋਂ ਸਾਰੇ ਹੀ ਰਿਹਾ ਕਰ ਦਿੱਤੇ ਗਏ। ਪ੍ਰੋ: ਦਰਸ਼ਨ ਸਿੰਘ ਨੂੰ ਉਥੇ ਪੁਜਣ ਹੀ ਨਾ ਦਿੱਤਾ ਗਿਆ। ਪ੍ਰੋ: ਦਰਸ਼ਨ ਸਿੰਘ ਨੇ ਕੁਝ ਦੇਰ ਪਹਿਲਾਂ ਫਤਹਿਗੜ੍ਹ ਕਾਨਫਰੰਸ ਕਰਕੇ ਐਲਾਨ ਕੀਤਾ ਸੀ ਕਿ ਜੇ 2 ਦਸੰਬਰ ਤੱਕ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ 5 ਦਸੰਬਰ ਤੋਂ ਪਾਰਲੀਮੈਂਟ ਸਾਹਮਣੇ ਧਰਨਾ ਦੇਣਗੇ।

### 200 ਦਾ ਜਥਾ ਦਿੱਲੀ ਪੁਜਿਆ

5 ਦਸੰਬਰ ਨੂੰ 200 ਸਿੱਖਾਂ ਦਾ ਜਥਾ ਦਿੱਲੀ ਜਾ ਪੁਜਿਆ ਅਤੇ ਉਨ੍ਹਾਂ ਪਾਰਲੀਮੈਂਟ ਸਾਹਮਣੇ ਧਰਨਾ ਸ਼ੁਰੂ ਕਰਨਾ ਸੀ ਕਿ ਪੁਲਸ ਨੇ 200 ਦੇ ਕਰੀਬ ਸਿੰਘ ਆ ਗ੍ਰਿਫਤਾਰ ਕੀਤੇ।

## ਖੱਬੀ-ਧਿਰ ਵਲੋਂ ਦਿੱਲੀ ਵਿਚ ਜ਼ਬਰਦਸਤ ਮੁਜ਼ਾਹਰਾ

## ਦਸ ਲੱਖ ਤੋਂ ਵੱਧ ਲੋਕ ਸ਼ਾਮਲ

### ਰਾਜੀਵ ਤੋਂ ਅਸਤੀਫ਼ੇ ਦੀ ਮੰਗ

ਨਵੀਂ ਦਿੱਲੀ — ਚਾਰ ਖੱਬੀਆਂ ਪਾਰਟੀਆਂ — ਸੀ. ਪੀ. ਐਮ., ਸੀ. ਪੀ. ਆਈ. ਫਾਰਵਰਡ ਬਲਾਕ ਦੀ ਅਗਵਾਈ ਹੇਠ 24 ਜਨਤਕ ਜਥੇਬੰਦੀਆਂ ਦੇ ਦਸ ਲੱਖ ਲੋਕਾਂ ਵਲੋਂ ਇਥੇ ਮੁਜ਼ਾਹਰਾ ਕੀਤੇ ਜਾਣ ਦੀ ਖਬਰ ਮਿਲੀ ਹੈ ਜਿਸ ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੋਂ ਅਸਤੀਫੇ ਦੀ ਮੰਗ ਕੀਤੀ ਗਈ ਅਤੇ ਕਿਹਾ ਗਿਆ ਕਿ ਭਾਰਤ ਵਿਚ ਮੱਧ-ਕਾਲੀ ਚੋਣਾਂ ਕਰਵਾਈਆਂ ਜਾਣ ਕਿਉਂਕਿ ਕਾਂਗਰਸ ਸਰਕਾਰ ਇਕ ਭ੍ਰਿਸ਼ਟ ਸਰਕਾਰ ਹੈ। ਬੋਫਰਜ਼ ਕਾਂਡ, ਫੇਅਰ ਫੈਕਸ ਕਾਂਡ, ਪਣ-ਡੁੱਬੀਆਂ ਦਾ ਸਕੈਂਡਲ ਆਦਿ ਨੇ ਇਹ ਦੱਸ ਦਿੱਤਾ ਹੈ ਕਿ ਬੇਈਮਾਨੀ ਲੀਡਰਾਂ ਦੀਆਂ ਰਗਾਂ ਵਿਚ ਜਾ ਧਸੀ ਹੈ ਅਤੇ ਅਜਿਹੀ ਸਰਕਾਰ ਨੂੰ ਦੇਸ਼ ਦਾ ਪ੍ਰਬੰਧ ਨਹੀਂ ਸੌਂਪਿਆ ਜਾ ਸਕਦਾ।

ਸੀ. ਪੀ. ਐਮ. ਆਗੂ ਦੀ ਨੰਬੂਦਰੀਪਾਦ ਨੇ ਰਾਸ਼ਟਰਪਤੀ ਨੂੰ ਇਕ ਮੰਗਾਂ ਦਾ ਚਾਰਟਰ ਦਿੱਤਾ ਜਿਸ ਵਿਚ ਕਿਹਾ ਗਿਆ ਹੈ ਕਿ ਰਾਜੀਵ ਗਾਂਧੀ ਦੀ ਸਰਕਾਰ ਡਿਸਮਿਸ ਕੀਤੀ ਜਾਵੇ ਕਿਉਂਕਿ ਬੋਫਰਜ਼ ਕਾਂਡ ਵਿਚ ਪ੍ਰਧਾਨ ਮੰਤਰੀ ਦਾ ਹੱਥ ਹੈ।

### ਮੰਗਾਂ ਦਾ ਚਾਰਟਰ

ਚਾਰਟਰ ਵਿਚ ਕਿਹਾ ਗਿਆ ਹੈ ਕਿ ਇਹ ਸਰਕਾਰ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਕਰਨ ਦੇ ਸਮਰਥ ਨਹੀਂ ਹੈ, ਨੌਜਵਾਨਾਂ, ਵਿਦਿਆਰਥੀਆਂ, ਮਜ਼ਦੂਰਾਂ ਤੇ ਕਿਸਾਨਾਂ ਦੇ ਹਿੱਤਾਂ ਨੂੰ ਪਹਿਲ ਦੇਣ ਦੀ ਥਾਂ ਇਜ਼ਾਰੇਦਾਰਾਂ ਅਤੇ ਜਾਗੀਰਦਾਰਾਂ ਦੀ ਪਿਠ ਠੋਕ ਰਹੀ ਹੈ। ਇਸ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਕਾਰਨ ਲੋਕਾਂ ਦੀ ਹਾਲਤ ਦਿਨੋਂ ਦਿਨ ਨਿਘਰ ਰਹੀ ਹੈ। ਮਜ਼ਦੂਰਾਂ ਦੀ ਛਾਂਟੀ ਦੀ ਪਾਲਿਸੀ ਅਪਣਾਈ ਜਾ ਰਹੀ ਹੈ। ਆਰਥਿਕ ਖੁਲ੍ਹ ਦੇ ਕੇ ਬਹੁ-ਕੌਮੀ ਕੰਪਨੀਆਂ ਦੀ ਲੁੱਟ ਵਧਾਈ ਜਾ ਰਹੀ ਹੈ। ਇਸ ਸਰਕਾਰ ਦੀ ਵਿਦਿਅਕ ਨੀਤੀ ਵਿਦਿਆ ਦੇਣ ਦੀ ਥਾਂ ਲੋਕਾਂ ਨੂੰ ਅਨਪੜ੍ਹ ਬਣਾ ਰਹੀ ਹੈ। ਸਭਿਆਚਾਰਕ ਖੇਤਰ ਵਿਚ ਲਗਾਤਾਰ ਨਿਘਾਰ ਆ ਰਿਹਾ ਹੈ। ਸਤੀ ਕਾਂਡ ਨਿਘਰੇ ਸਭਿਆਚਾਰ ਦਾ ਪ੍ਰਗਟਾਵਾ ਹਨ। ਕੀਮਤਾਂ, ਭ੍ਰਿਸ਼ਟਾਚਾਰ,

ਬਾਕੀ ਪੰਨਾ 11 'ਤੇ

### ਪੁਲਸ ਦਾ ਬਿਆਨ

ਪੁਲਸ ਅਧਿਕਾਰੀਆਂ ਨੇ ਗ੍ਰਿਫਤਾਰੀਆਂ ਕਰਦੇ ਸਮੇਂ ਫਤਹਿਗੜ੍ਹ ਵਿਚ ਕਿਹਾ ਕਿ ਪ੍ਰੋ: ਦਰਸ਼ਨ ਸਿੰਘ ਦੀ ਨਜ਼ਰਬੰਦੀ ਤਾਂ ਕੀਤੀ ਗਈ

ਬਾਕੀ ਪੰਨਾ 3 'ਤੇ

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

• ਲਿਵਿੰਗ ਰੂਮ • ਡਾਇਨਿੰਗ ਰੂਮ • ਬੈੱਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ

■ New ■ Used or ■ Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

LOWEST PRICES GUARANTEED

ROYAL FURNITURE LTD.

2607 MAIN STREET (at 10th. AVE.), VANCOUVER, B.C.

VISA

TEL. 874-9525

MasterCard

MASTER CARD VISA ACCEPTED

## ਨਵੇਂ ਸਾਲ 'ਤੇ ਐਡਮਿੰਟਨ ਵਿਚ

## ਦੇਸ਼ ਪੰਜਾਬ

ਬੜੇ ਮਾਣ ਨਾਲ ਪੇਸ਼ ਕਰਦੇ ਹਨ

# ਹਰਭਜਨ ਮਾਨ ਐਂਡ ਪਾਰਟੀ

## ਪੰਜਾਬੀ ਸਭਿਆਚਾਰਕ ਪ੍ਰੋਗਰਾਮ



ਰਣਜੀਤ ਸਿੰਘ
ਗਿਟਾਰ





ਨਰਿੰਦਰ ਭਾਗੀ
ਬੰਸਰੀ ਤੇ ਕੀ-ਬੋਰਡ



ਗੁਰਸੇਵਕ ਮਾਨ
ਅਕਾਰਡੀਅਨ ਤੇ ਹਰਮੋਨੀਅਮ



ਦੇਵਿੰਦਰ ਕੈਂਥ
ਤਬਲਾ ਤੇ ਢੋਲਕ



ਹਰਮਹਿੰਦਰ ਕਿੱਟੀ —— ਹਾਸਿਆਂ ਦਾ ਬਾਦਸ਼ਾਹ



ਸਰਦੂਲ ਰੰਧਾਵਾ
ਗਾਇਕ

ਹਰਭਜਨ ਮਾਨ ਇਕ ਉਭਰ ਰਿਹਾ ਕਲਾਕਾਰ ਹੈ ਜੋ HMV ਕੰਪਨੀ ਵਲੋਂ ਆਪਣਾ ਪਹਿਲਾ ਰੀਕਾਰਡ ਤਿਆਰ ਕਰਾ ਕੇ ਆਪਣੀ ਕਲਾ ਦੀ ਧਾਂਕ ਜਮਾ ਚੁੱਕਾ ਹੈ

## ਤੁਹਾਡੇ ਸ਼ਹਿਰ ਐਡਮਿੰਟਨ ਵਿਚ

ਉਹ ਆਪਣੇ ਕਲਾਕਾਰ ਸਾਥੀਆਂ ਨਾਲ

## ਖੂਬਸੂਰਤ ਤੇ ਪ੍ਰਵਾਰਕ ਸਭਿਆਚਾਰਕ ਪ੍ਰੋਗਰਾਮ

ਲੈ ਕੇ ਪੇਸ਼ ਹੋ ਰਿਹਾ ਹੈ

ਨਾਲ ਹੈ ਹਾਸਿਆਂ ਦਾ ਬਾਦਸ਼ਾਹ ਹਰਮਹਿੰਦਰ ਕਿੱਟੀ

**ਸ਼ਨਿਚਰਵਾਰ ਜਨਵਰੀ 2, 1988 ਸ਼ਾਮ ਦੇ ਸਾਢੇ ਪੰਜ ਵਜੇ**

ਸਬ-ਥੀਏਟਰ, ਯੂਨੀਵਰਸਿਟੀ ਆਫ ਅਲਬਰਟਾ, ਐਡਮਿੰਟਨ (89 Ave. & 114 St.)

ਟਿਕਟਾਂ ਮਿਲਣ ਦਾ ਪਤਾ :
Kundell Sweet House
4218 - 66 St. (Behind Mcdonald)
Edmonton, ALTA.

ਟਿਕਟ : 6 ਡਾਲਰ (ਐਡਵਾਂਸ)
7 ਡਾਲਰ (ਗੇਟ 'ਤੇ)

ਹੋਰ ਜਾਣਕਾਰੀ ਲਈ ਫ਼ੋਨ :
ਹਰਜੀਤ ਤੂਰ 463-3903
ਹਰਪਾਲ ਸੇਖੋਂ 424-2748

## ਪ੍ਰਮਾਣੂੰ ਹਥਿਆਰਾਂ ਦੇ ਖਾਤਮੇ ਲਈ

# ਰੀਗਨ-ਗਾਰਬਾਚੋਵ ਸਿਖਰ ਸੰਮੇਲਨ

ਵਾਸ਼ਿੰਗਟਨ — ਸੋਵੀਅਤ ਨੇਤਾ ਮਿਖਾਇਲ ਗਾਰਬਾਚੋਵ ਅਤੇ ਅਮਰੀਕਾ ਦੇ ਰਾਸ਼ਟਰਪਤੀ ਰੀਗਨ ਨੇ ਇਕ ਸੰਧੀ ਉਤੇ ਕੱਲ੍ਹ ਦਸਤਖਤ ਕੀਤੇ ਜਿਸ ਅਨੁਸਾਰ ਪ੍ਰਮਾਣੂੰ ਮੀਜ਼ਾਈਲਾਂ ਦਾ ਖਾਤਮਾ ਕਰਨ ਲਈ ਕਦਮ ਚੁਕੇ ਜਾਣਗੇ।

ਸਮਝੌਤਾ ਦਰਮਿਆਨੀ ਕਿਸਮ ਦੀਆਂ ਮਿਜ਼ਾਈਲਾਂ ਬਾਰੇ ਹੋਇਆ ਹੈ ਤੇ ਅੱਜ ਦੀ ਗੱਲਬਾਤ ਅਨੁਸਾਰ ਲੰਮੀ ਮਾਰ ਵਾਲੀਆਂ ਮਿਜ਼ਾਈਲਾਂ ਨੂੰ ਖਤਮ ਕਰਨ ਲਈ ਵੀ ਅਗਲੇ ਸਾਲ ਤੱਕ ਕਦਮ ਚੁਕੇ ਜਾਣਗੇ। ਇਹ ਸਮਝੌਤਾ ਅਮਨ ਦੀਆਂ ਤਾਕਤਾਂ ਦੀ ਬਹੁਤ ਵੱਡੀ ਜਿੱਤ ਵੱਲ ਪਹਿਲਾ ਕਦਮ ਕਿਹਾ ਜਾ ਰਿਹਾ ਹੈ। ਦੋਵੇਂ ਧਿਰਾਂ ਇਸ ਗੱਲ ਲਈ ਵੀ ਸਹਿਮਤ ਹੋ ਗਈਆਂ ਹਨ ਕਿ ਜੋ ਮਿਜ਼ਾਈਲਾਂ ਖਤਮ ਕੀਤੀਆਂ ਜਾਣੀਆਂ ਹਨ ਉਨ੍ਹਾਂ ਬਾਰੇ ਚੈਕ ਕਰਨ ਦੇ ਅਧਿਕਾਰ ਵੀ ਦੋਵਾਂ ਧਿਰਾਂ ਨੂੰ ਹੀ ਦਿਤੇ ਗਏ ਹਨ।

ਸੋਵੀਅਤ ਅਤੇ ਅਮਰੀਕਾ ਨੇ ਜਿਥੇ ਜਿਥੇ ਵੀ ਇਹ ਮਿਜ਼ਾਈਲਾਂ ਫਿੱਟ ਕੀਤੀਆਂ ਹਨ ਦੋਵਾਂ ਦੇਸ਼ਾਂ ਦੇ ਇਨਸਪੇਕਟਰਾਂ ਨੂੰ ਇਹ ਅੰਧਿਕਾਰ ਹੋਵੇਗਾ ਕਿ ਉਹ ਜਾ ਕੇ ਨਿਰੀਖਣ ਕਰ ਸਕਣ ਕਿ ਮਿਜ਼ਾਈਲਾਂ ਖਤਮ ਕਰ ਦਿੱਤੀਆਂ ਗਈਆਂ ਹਨ। ਇਹ ਅਮਲ 13 ਸਾਲ ਤੱਕ ਜਾਰੀ ਰਹੇਗਾ ਪਹਿਲੇ ਤਿੰਨ ਸਾਲਾਂ ਦੇ ਦੌਰਾਨ ਇਹ ਮੀਜ਼ਾਈਲਾਂ ਖਤਮ ਕੀਤੀਆਂ ਜਾਣੀਆਂ ਹਨ — ਇਨਸਪੈਕਟਰ ਮੌਕੇ ਉਤੇ ਜਾ ਕੇ ਕਿਸੇ ਸਮੇਂ ਵੀ ਇਨ੍ਹਾਂ ਨੂੰ ਚੈਕ ਕਰ ਸਕਦੇ ਹਨ। ਇਸ ਸਮਝੌਤੇ ਅਨੁਸਾਰ ਚਾਰ ਫੀ ਸਦੀ ਮਿਜ਼ਾਈਲਾਂ ਹੀ ਖਤਮ ਹੋਣੀਆਂ ਹਨ ਇਸੇ ਕਾਰਨ ਸੋਵੀਅਤ ਨੇਤਾ ਗਾਰਬਾਚੋਵ ਨੇ ਕਿਹਾ ਹੈ ਕਿ ਇਹ ਅਜੇ ਸ਼ੁਰੂਆਤ ਹੈ।

### ਸੋਵੀਅਤ ਨੇਤਾ ਦਾ ਬਿਆਨ

ਸਮਝੌਤੇ ਉਤੇ ਦਸਤਖਤ ਕਰਨ ਪਿਛੋਂ ਗਾਰਬਾਚੋਵ ਨੇ ਕਿਹਾ ਕਿ ਸਾਰੀ ਦੁਨੀਆਂ ਅਮਰੀਕਾ ਤੇ ਸੋਵੀਅਤ ਵੱਲ ਦੇਖ ਰਹੀ ਹੈ ਕਿ ਇਹ ਪ੍ਰਮਾਣੂੰ ਹਥਿਆਰਾਂ ਦੀ ਜੰਗ ਨੂੰ ਬੰਦ ਕਰਨ ਅਤੇ ਗਰੀਬੀ ਦੀ ਪੱਧਰ ਉਤੇ ਰਹਿ ਰਹੇ ਦੇਸ਼ਾਂ ਨੂੰ ਵੱਧ ਤੋਂ ਵੱਧ ਸਹਾਇਤਾ ਦੇਣ।

### ਰਾਜੀਵ ਗਾਂਧੀ ਵਲੋਂ ਮੁਬਾਰਕ

ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਹੈ ਕਿ ਇਸ ਸੰਧੀ ਦਾ ਸਾਰੀ ਦੁਨੀਆਂ ਦੇ ਦੇਸ਼ਾਂ ਵਲੋਂ ਸੁਆਗਤ ਕੀਤਾ ਜਾਵੇਗਾ ਕਿਉਂਕਿ ਭਾਰਤ ਅਮਨ-ਪਸੰਦ ਦੇਸ਼ ਹੈ ਤੇ ਸਾਰੀ ਦੁਨੀਆਂ ਵਿਚ ਅਮਨ ਦੀ ਸਥਾਪਤੀ ਦੀ ਮੰਗ ਕਰਦਾ ਹੈ। ਉਨ੍ਹਾਂ ਗਾਰਬਾਚੋਵ ਤੇ ਰੀਗਨ ਨੂੰ ਇਸ ਸੰਧੀ ਲਈ ਵਧਾਈ ਦੀ ਤਾਰ ਵੀ ਭੇਜੀ ਹੈ।



## ਸ੍ਰੀ ਲੰਕਾ ਵਿਚ ਲੜਾਈ ਖਤਮ

### ਤਾਮਿਲ ਅਤਿਵਾਦੀਆਂ ਵਲੋਂ ਹਥਿਆਰ ਸੁੱਟਣ ਦਾ ਫੈਸਲਾ

ਕੋਲੰਬੋ — ਤਾਮਿਲ ਬਹੁਗਿਣਤੀ ਵਾਲੇ ਸੂਬਿਆਂ ਵਿਚ ਤਾਮਿਲ ਅਤਿਵਾਦੀਆਂ ਨੇ ਹਥਿਆਰ ਸੁਟਣ ਦਾ ਫੈਸਲਾ ਕਰ ਲਿਆ ਹੈ। ਜਿਸ ਨਾਲ ਮਹੀਨੇ ਭਰ ਤੋਂ ਚਲ ਰਹੀ ਲੜਾਈ ਦਾ ਅੰਤਮ ਪੜਾਅ ਆ ਗਿਆ ਹੈ। ਸ੍ਰੀ ਲੰਕਾ ਵਿਚ ਅਮਨ ਸਥਾਪਤ ਕਰਨ ਲਈ ਭਾਰਤ ਨੇ 30,000 ਫੌਜੀ ਜਵਾਨ ਭੇਜੇ ਸਨ।

ਤਾਮਿਲਾਂ ਦੇ ਵੱਖ ਵੱਖ ਧੜਿਆਂ ਦੀ ਕਸ਼ਮਕਸ਼ ਕਾਰਨ ਸੈਂਕੜੇ ਭਾਰਤੀ ਸਿਪਾਹੀ ਇਸ ਲੜਾਈ ਵਿਚ ਮਾਰੇ ਗਏ ਹਨ।

ਜੈਵਰਧਨੇ ਤੇ ਰਾਜੀਵ ਗਾਂਧੀ ਵਿਚਕਾਰ ਸਮਝੌਤੇ ਅਨੁਸਾਰ ਅਗਲੇ ਕੁਝ ਦਿਨਾਂ ਵਿਚ ਉਤਰੀ-ਪੂਰਬੀ ਖੇਤਰ ਦੇ ਸੂਬਿਆਂ ਵਿਚ ਅਸੈਂਬਲੀਆਂ ਦੀਆਂ ਚੋਣਾਂ ਕਰਵਾ ਦਿੱਤੀਆਂ ਜਾਣਗੀਆਂ ਅਤੇ ਤਾਮਿਲਾਂ ਨੂੰ ਆਪਣੇ ਹੱਕ ਪ੍ਰਾਪਤ ਹੋ ਜਾਣਗੇ।

### ਅੰਮ੍ਰਿਤਸਰ ਵਿਚ ਦੋ ਹਲਾਕ

ਅੰਮ੍ਰਿਤਸਰ — ਪਿਛਲੇ 24 ਘੰਟਿਆਂ ਵਿਚ ਇਸ ਜ਼ਿਲੇ ਵਿਚ ਦੋ ਦਹਿਸ਼ਤਪਸੰਦ ਮਾਰੇ ਜਾਣ ਦੀ ਖਬਰ ਹੈ। ਜਦਕਿ ਫਰੀਦਕੋਟ ਜ਼ਿਲੇ ਵਿਚ ਸੀ. ਆਰ. ਪੀ. ਦਾ ਇਕ ਸਿਪਾਹੀ ਦਹਿਸ਼ਤਪਸੰਦਾਂ ਦੀ ਗੋਲੀ ਦਾ ਸ਼ਿਕਾਰ ਹੋ ਗਿਆ।

➘ ਪੰਨਾ 1 ਦੀ ਬਾਕੀ

ਕਿਉਂਕਿ ਉਨ੍ਹਾਂ ਦੀ ਜਾਨ ਨੂੰ ਖਤਰਾ ਸੀ। ਧਰਨੇ ਵਿਚ ਸ਼ਾਮਲ ਹੋਣ ਵਾਲਿਆਂ ਵਿਚ 40 ਦਹਿਸ਼ਤਪਸੰਦਾਂ ਦੇ ਸ਼ਾਮਲ ਹੋਣ ਦੀ ਖਬਰ ਪੁਲਸ ਨੂੰ ਮਿਲ ਚੁਕੀ ਸੀ ਜਿਨ੍ਹਾਂ ਨੇ ਕਈ ਲੀਡਰਾਂ ਨੂੰ ਕਤਲ ਕਰਨ ਦੀ ਸਕੀਮ ਬਣਾਈ ਹੋਈ ਸੀ। ਪਰ ਬਾਦਲ ਤੇ ਅਮਰਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਕਿਹਾ ਕਿ ਪੰਜਾਬ ਸਰਕਾਰ ਨੇ ਕੇਂਦਰੀ ਲੀਡਰਾਂ ਦੇ ਹੁਕਮਾਂ ਅਧੀਨ ਧਰਨਾ ਮਾਰਨ ਦੀ ਆਗਿਆ ਨਹੀਂ ਦਿੱਤੀ।

### ਪਾਰਲੀਮੈਂਟ ਮੈਂਬਰਾਂ ਵਲੋਂ ਨਿਖੇਧੀ

ਦਿੱਲੀ ਵਿਚ ਅਕਾਲੀ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਇਕ ਬਿਆਨ ਵਿਚ ਪ੍ਰੋ: ਦਰਸ਼ਨ ਸਿੰਘ ਦੀ ਨਜ਼ਰਬੰਦੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਜ਼ਾਲਮਾਨਾ ਢੰਗਾਂ ਨਾਲ ਸਿੱਖਾਂ ਨੂੰ ਕੁਚਲ ਰਹੀ ਹੈ।


BOOK NOW — FLY LATER

**Goyal Travels Inc.**

4152 FRASER ST., VANCOUVER B.C. V5V 4E8 (604) 877-7777



GOYAL TRAVEL & TOURS CANADA INC.

| TORONTO<br>ਟਰਾਂਟੋ | CALGARY<br>ਕੈਲਗਰੀ | EDMONTON<br>ਐਡਮਿੰਟਨ |
| --- | --- | --- |
| SUITE 211, 593 YONGE ST.<br>TORONTO, ONT. M4Y 1Z4<br>PH. (416) 960-3666 | UNIT 1-5320-8th. AVE. S.E.<br>CALGARY, ALBERTA, T2A 4L7<br>PH. (403) 235-6808 | 9344 -34th. AVE., STRATHCONA SQUARE,<br>EDMONTON, ALTA. T6E 5X8<br>PH. (403) 462-2424 |

**We offer Low Low Fares to:**
**New Delhi, Bombay, Calcutta, Madras, Cochin, Trivandrum, Columbo, Karachi, Lahore, Islamabad, Peshawar, Kathmandu & other destinations.**

ASSOCIATED OFFICES IN INDIA

Jalandhar City: Opposite Nehru Gardens, G. T. Road, Ph. 77526
Moga: Court Rd. Ph. 2798
Jagraon: Court Rd. Ph. 252

*WE ARE AUTHORIZED AGENTS FOR*
**JAPAN AIR LINES**
Air Canada, Air India, Air France, British Airways, Canadian Pacific Airlines, KLM, Pan Am, Wardair & other major Airlines.

TOLL FREE IN B.C. ALBERTA, SASKATECHEWAN and MANITOBA 1-800-663-8638



**BERNARD SIMPSON** & COMPANY

PRACTICE **RESTRICTED** TO INJURIES SUFFERED DUE TO

**CAR ACCIDENTS (ICBC CLAIMS)**

ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ.
ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

HANDLING CAR ACCIDENTS FOR OVER 15 YEARS

CONTINGENCY FEES AVAILABLE
(IF NO RECOVERY NO LEGAL FEE)

NO CHARGE FOR INITIAL CONSULTATION

SITUATED IN THE AUTOMOBILE ASSOCIATION BUILDING

734-2272

999 West Broadway, Vancouver, B.C. V5Z 1K5

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

## ਮੁਬਾਰਕ ਕਦਮ !

ਅਮਰੀਕਾ ਅਤੇ ਸੋਵੀਅਤ ਵਿਚਕਾਰ ਸੰਧੀ ਨੇ ਸਾਰੇ ਸੰਸਾਰ ਦੀਆਂ ਅਮਨ ਸ਼ਕਤੀਆਂ ਲਈ ਇਕ ਭਰਵਾਂ ਹੁੰਗਾਰਾ ਦਿੱਤਾ ਹੈ। ਸੋਵੀਅਤ ਆਗੂ ਮਿਖਾਈਲ ਗਾਰਬਾਚੋਵ ਨੇ ਕਿਹਾ ਹੈ ਕਿ ਪ੍ਰਮਾਣੂ ਹਥਿਆਰਾਂ ਨੂੰ ਖਤਮ ਕਰਨ ਲਈ ਇਹ ਸੰਧੀ ਪਹਿਲਾ ਕਦਮ ਹੈ ਅਤੇ ਇਸ ਗੱਲਬਾਤ ਨੂੰ ਅਗੇ ਤੋਰਿਆ ਜਾਣਾ ਜ਼ਰੂਰੀ ਹੈ। ਵੀਰਵਾਰ ਤੱਕ ਅਗਲਾ ਪੜਾਅ ਦੂਰ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਬਾਰੇ ਗੱਲਬਾਤ ਕਰਨਾ ਹੈ। ਪਹਿਲੇ ਪੜਾਅ ਵਿਚ ਦਰਮਿਆਨੀ ਕਿਸਮ ਦੀਆਂ ਮਿਜ਼ਾਈਲਾਂ ਖਤਮ ਕਰਨ ਬਾਰੇ ਸੰਧੀ ਹੈ। ਸੰਧੀ ਅਨੁਸਾਰ ਅਮਰੀਕਾ ਵਲੋਂ ਇੰਗਲੈਂਡ, ਇਟਲੀ, ਪੱਛਮੀ ਜਰਮਨੀ ਤੇ ਬੈਲਜੀਅਮ ਵਿਚ ਬੀੜੀਆਂ ਮਿਜ਼ਾਈਲਾਂ ਹਟਾਈਆਂ ਜਾਣੀਆਂ ਵੀ ਇਸ ਵਿਚ ਸ਼ਾਮਲ ਹਨ। ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੇ ਇਸ ਸੰਧੀ ਨੂੰ "ਇਤਿਹਾਸਕ ਮੌਕੇ" ਦਾ ਨਾਂ ਦਿੱਤਾ ਹੈ ਜਦ ਕਿ ਪੱਛਮੀ ਜਰਮਨੀ ਦੇ ਚਾਂਸਲਰ ਹੈਲਮਟ ਕੋਹਲ ਨੇ ਆਪਣੇ ਦੇਸ਼ ਵਾਸੀਆਂ ਨੂੰ ਕਿਹਾ ਹੈ ਕਿ ਇਹ ਸੰਧੀ ਇਕ ਖੁਸ਼ੀ ਦਾ ਮੌਕਾ ਹੈ।

ਯੂਰਪ ਵਿਚ ਹਰ ਸ਼ਹਿਰ ਵਿਚ ਇਸ ਸੰਧੀ ਦੀ ਖੁਸ਼ੀ ਵਿਚ ਜਲਸੇ ਹੋਣੇ ਸ਼ੁਰੂ ਹੋ ਗਏ ਹਨ ਜਿਥੇ ਹਰ ਸਾਲ ਲੱਖਾਂ ਲੋਕ ਪ੍ਰਮਾਣੂ ਹਥਿਆਰਾਂ ਵਿਰੁੱਧ ਮੁਜ਼ਾਹਰੇ ਕਰਦੇ ਸਨ। ਕੈਨੇਡਾ ਦੇ ਬਦੇਸ਼ ਮੰਤਰੀ ਜੋਅ ਕਲਾਰਕ ਨੇ ਵੀ ਇਸ ਨੂੰ 'ਅਗਾਂਹ ਵਧੂ ਕਦਮ' ਦਾ ਨਾਂ ਦਿੱਤਾ ਹੈ।

ਸੰਧੀ ਉਤੇ ਦਸਤਖਤ ਕਰਦਿਆਂ ਗਾਰਬਾਚੋਵ ਨੇ ਕਿਹਾ ਹੈ ਕਿ '8 ਦਸੰਬਰ 1987 ਦਾ ਦਿਨ ਇਤਿਹਾਸ ਦੀਆਂ ਪੁਸਤਕਾਂ ਵਿਚ ਅਜਿਹਾ ਦਿਨ ਲਿਖਿਆ ਜਾਵੇਗਾ ਜਿਸ ਨੇ ਪ੍ਰਮਾਣੂ ਯੁੱਗ ਅਤੇ ਮਨੁੱਖੀ ਜੀਵਨ ਵਿਚੋਂ ਗੈਰ-ਫੌਜੀ ਜ਼ਮਾਨੇ ਦਾ ਨਿਖੇੜਾ ਕੀਤਾ।' ਅਮਰੀਕਾ ਦੇ ਪ੍ਰਧਾਨ ਨੇ ਕਿਹਾ ਕਿ ਅਸੀਂ ਨਵਾਂ ਇਤਿਹਾਸ ਸ਼ੁਰੂ ਕਰ ਰਹੇ ਹਾਂ।

ਬੇਸ਼ਕ ਇਹ ਸੰਧੀ ਮੁਢਲਾ ਕਦਮ ਹੀ ਕਿਹਾ ਜਾ ਸਕਦਾ ਹੈ ਪਰ ਫਿਰ ਵੀ ਸੰਸਾਰ ਦੇ ਸਾਰੇ ਦੇਸ਼ਾਂ ਦੀਆਂ ਅੱਖਾਂ ਇਸ ਸੰਧੀ ਵੱਲ ਲੱਗੀਆਂ ਹੋਈਆਂ ਹਨ। ਇਸਦਾ ਵੱਡਾ ਕਾਰਨ ਇਹ ਹੈ ਕਿ ਦੁਨੀਆਂ ਭਰ ਵਿਚ ਲੋਕ ਇਹ ਚਾਹੁੰਦੇ ਹਨ ਕਿ ਜੀਵਨ ਵਿਚੋਂ ਹਿੰਸਾ ਖਤਮ ਹੋਵੇ ਅਤੇ ਉਹ ਆਰਾਮ ਅਤੇ ਸ਼ਾਂਤੀ ਦਾ ਜੀਵਨ ਬਤੀਤ ਕਰ ਸਕਣ। ਜਿਥੇ ਦੋਵੇਂ ਵੱਡੀਆਂ ਤਾਕਤਾਂ ਖਰਬਾਂ ਡਾਲਰ ਪ੍ਰਮਾਣੂ ਹਥਿਆਰਾਂ ਉਤੇ ਅੰਞਾਈਂ ਗੁਆ ਰਹੀਆਂ ਹਨ, ਉਥੇ ਇਹੀ ਧਨ ਸੰਸਾਰ ਵਿਚੋਂ ਥੁੜਾਂ ਖਤਮ ਕਰਨ ਲਈ ਵਰਤਿਆ ਜਾ ਸਕਦਾ ਹੈ।

ਤੀਜੀ ਦੁਨੀਆਂ ਭੁੱਖ-ਮਰੀ ਦੀ ਹਾਲਤ ਵਿਚੋਂ ਗੁਜ਼ਰ ਰਹੀ ਹੈ। ਪ੍ਰਮਾਣੂ ਹਥਿਆਰਾਂ ਦੀ ਦੌੜ ਨੇ ਦੁਨੀਆਂ ਦਾ ਮੁਹਾਂਦਰਾ ਮਿਟਾ ਦੇਣ ਦੀ ਸਾਜ਼ਿਸ਼ਾਂ ਰਚੀਆਂ ਹਨ। ਇਹ ਸੰਧੀ ਇਸੇ ਲਈ ਮੁਬਾਰਕ ਕਦਮ ਹੈ। ਜੇ ਦੋਵੇਂ ਮੁੱਖ ਤਾਕਤਾਂ ਗਲਬਾਤ ਰਾਹੀਂ ਮੁਕੰਮਲ ਤੌਰ ਉਤੇ ਹਥਿਆਰਾਂ ਦੀ ਦੌੜ ਨੂੰ ਖਤਮ ਕਰਨ ਵਿਚ ਸਫਲ ਹੋ ਜਾਣ ਤਾਂ ਦੁਨੀਆਂ ਦਾ ਨਕਸ਼ਾ ਹੀ ਬਦਲਿਆ ਜਾ ਸਕਦਾ ਹੈ।

---

ਮਹਿਲ ਵੇਖ ਕੇ ਉੱਚੇ ਉੱਚੇ ਮੈਂ ਕਿਉਂ ਢਾਹਵਾਂ ਕੁੱਲੀ
ਬਿਨ ਮੁਸੀਬਤ ਤੰਗੀ ਦੇ ਜਦ ਜਾਂਦਾ ਮੇਰਾ ਸਰਦਾ।

ਕੋਲ ਛੱਲਕਦੇ ਸਾਗਰ ਤੇ ਮੈਂ ਕਿਉਂ ਬੁੱਲ ਸੁਕਾਵਾਂ
ਮੇਰਾ ਚਸ਼ਮਾ ਨਿੱਤਰ ਮੇਰੀਆਂ ਨਿੱਤ ਚੂਲੀਆਂ ਭਰਦਾ।

---

### ਭਾਰਤੀ ਪੱਤਰਕਾਰ ਦੀਆਂ ਨਜ਼ਰਾਂ ਵਿੱਚ

# ਕੈਨੇਡਾ ਵਸਦੇ ਸਿੱਖਾਂ ਦੀ ਸੋਚ

—ਇੰਦਰਜੀਤ—

ਲੰਮੇ ਸਮੇਂ ਤੋਂ ਕੈਨੇਡਾ ਭਾਰਤ ਤੋਂ ਬਹੁਤ ਦੂਰ ਪ੍ਰਤੀਤ ਹੁੰਦਾ ਰਿਹਾ ਹੈ ਪਰ ਹੁਣ ਅਜਿਹਾ ਨਹੀਂ। ਪਿਛਲੇ ਤਿੰਨ ਵਰ੍ਹਿਆਂ ਵਿਚ ਹਾਲਤ ਬਿਹਤਰ ਹੋ ਗਈ ਹੈ। ਇਸ ਲਈ ਅਸੀਂ ਕੈਨੇਡਾ ਵਿਚ ਵਸੇ ਭਾਰਤੀ ਮੂਲ ਦੇ ਅਤਿਵਾਦੀ ਸਿੱਖਾਂ ਨੂੰ ਹੀ ਧੰਨਵਾਦੀ ਕਹਿ ਸਕਦੇ ਹਾਂ। ਇਨ੍ਹਾਂ ਨੇ ਹੀ ਅਪਰੇਸ਼ਨ ਬਲਿਊ ਸਟਾਰ ਤੋਂ ਤਿੰਨ ਵਰ੍ਹੇ ਪਹਿਲਾਂ 1981 ਵਿਚ ਕੈਨੇਡਾ ਵਿਚ ਖਾਲਿਸਤਾਨ ਦਾ ਝੰਡਾ ਲਹਿਰਾਇਆ ਸੀ। ਅੱਜ ਵੀ ਟਰਾਂਟੋ ਵਿਚ ਪੁਰਾਣੇ ਵੈਸਟਨ ਮਾਰਗ ਗੁਰਦੁਆਰੇ ਅਤੇ ਵੈਨਕੂਵਰ ਵਿਚ ਰੌਸ ਮਾਰਗ 'ਤੇ ਖਾਲਿਸਤਾਨ ਦਾ ਮੁੱਖ ਦਫਤਰ ਕਹਾਉਣ ਵਾਲੇ ਵਿਸ਼ਾਲ ਗੁਰਦੁਆਰੇ 'ਤੇ ਖਾਲਿਸਤਾਨੀ ਝੰਡੇ ਲਹਿਰਾ ਰਹੇ ਹਨ। ਭਾਰਤ ਦੇ ਸ਼ਾਂਤਮਈ ਪ੍ਰਮਾਣੂ ਯਤਨਾਂ ਨਾਲ ਪੈਦਾ ਹੋਏ ਮਤਭੇਦ ਅਤੇ ਕੁੜੱਤਣ ਅਤੇ ਨਵੀਂ ਦਿੱਲੀ ਦੇ ਦ੍ਰਿਸ਼ਟੀਕੋਣ ਨਾਲ ਸਿਖ ਅਤਿਵਾਦੀਆਂ 'ਤੇ ਕਾਬੂ ਪਾਉਣ ਵਿਚ ਓਟਾਵਾ ਦੀ ਅਸਫਲਤਾ ਦੇ ਸਿੱਟੇ ਵਜੋਂ 1970 ਅਤੇ 1980 ਦੇ ਦਹਾਕੇ ਦੇ ਸ਼ੁਰੂ ਵਿਚ ਭਾਰਤ-ਕੈਨੇਡਾ ਸਬੰਧ ਓਨੇ ਚੰਗੇ ਨਹੀਂ ਸਨ। ਕੈਨੇਡਾ ਹੁਣ ਭਾਰਤ ਦੀਆਂ ਭਾਵਨਾਵਾਂ ਅਤੇ ਮੰਗ ਸੰਬੰਧੀ ਜਾਣੂ ਹੈ। ਇੰਦਰਾ ਗਾਂਧੀ ਦੀ ਹੱਤਿਆ ਅਤੇ ਜੂਨ 1985 ਵਿਚ ਏਅਰ ਇੰਡੀਆ ਦੇ ਕਨਿਸ਼ਕ ਹਵਾਈ ਜਹਾਜ਼ ਦੇ ਦਰਿੰਦਗੀ ਭਰੇ ਸਰਬਨਾਸ਼ (ਜਿਸ ਵਿਚ 302 ਬੇਕਸੂਰ ਲੋਕ ਸਮੁੰਦਰੀ ਕਬਰ ਦੇ ਹਵਾਲੇ ਹੋ ਗਏ ਸਨ) ਤੋਂ ਉਹ ਵਾਕਫ ਹੈ। ਅੱਜ ਦੋਹਾਂ ਦੇਸ਼ਾਂ ਦੇ ਆਪਸੀ ਸਬੰਧਾਂ ਦਾ ਵਿਵਰਣ ਇਨ੍ਹਾਂ ਸ਼ਬਦਾਂ ਰਾਹੀਂ ਕੀਤਾ ਜਾਂਦਾ ਹੈ "ਨੇੜੇ ਅਤੇ ਬਹੁਤ ਮਿੱਤਰਤਾ ਪੂਰਨ।"

## ਸਰਲ ਕਾਰਨ

ਉਦਯੋਗਿਕ ਅਤੇ ਤਕਨੀਕੀ ਸਹਿਯੋਗ ਦਾ ਇਕ ਆਪਸੀ ਸਮਝੌਤਾ ਤੈਅ ਕੀਤਾ ਗਿਆ ਹੈ। ਦੂਹਰੇ ਟੈਕਸ ਦੇ ਇਕ ਸਮਝੌਤੇ ਦੀ ਪੁਸ਼ਟੀ ਕੀਤੀ ਗਈ ਹੈ। ਹਵਾਈ ਸੇਵਾ ਸਮਝੌਤੇ ਨੂੰ ਮੁੜ ਸਥਾਪਤ ਕੀਤਾ ਗਿਆ ਹੈ ਤਾਂ ਜੋ ਮੌਜੂਦਾ ਸਿੱਧੇ ਹਵਾਈ ਸੰਪਰਕ ਦਾ ਵਿਸਥਾਰ ਹੋ ਸਕੇ। ਤਾਂ ਵੀ ਮਹੱਤਵਪੂਰਨ ਸੁਆਲ ਇਹ ਹੈ ਕਿ ਕੀ ਕੈਨੇਡਾ ਵਿਚ ਵਸੇ ਸਿੱਖਾਂ ਵਲੋਂ ਅਤਿਵਾਦੀਆਂ ਅਤੇ ਭਾਰਤ ਵਿਚ ਅਤਿਵਾਦ ਨੂੰ ਦਿਤੇ ਜਾ ਰਹੇ ਸਮਰਥਨ ਨੂੰ ਓਟਾਵਾ ਕਾਬੂ 'ਚ ਕਰ ਸਕੇਗਾ? ਬੱਬਰ ਖਾਲਸਾ ਦੇ ਪ੍ਰਧਾਨ ਜਥੇਦਾਰ ਤਲਵਿੰਦਰ ਸਿੰਘ ਪਰਮਾਰ ਅਤੇ ਹੋਰ ਬਾਗੀ ਸਿੱਖਾਂ ਨੂੰ ਮੈਂ ਟਰਾਂਟੋ, ਵੈਨਕੂਵਰ ਅਤੇ ਕੈਨੇਡਾ ਦੇ ਹੋਰ ਸ਼ਹਿਰਾਂ ਵਿਚ ਮਿਲਿਆ। ਉਸ ਦੇਸ਼ ਦੀ ਤਿੰਨ ਹਫਤਿਆਂ ਦੀ ਆਪਣੀ ਯਾਤਰਾ ਦੌਰਾਨ ਮੈਂ ਵੇਖਿਆ ਕਿ ਉਹ ਸਭ ਖਾਲਿਸਤਾਨ ਅਤੇ ਉਸ ਦੇ ਇਕ ਆਜ਼ਾਦ ਦੇਸ਼ ਦੀ ਸਥਾਪਨਾ ਦੇ ਹੱਕ ਵਿਚ ਹਨ। "ਜੋ ਵੀ ਵਾਪਰ ਚੁੱਕਾ ਹੈ ਉਸ ਪਿਛੋਂ ਦੂਜਾ ਕੋਈ ਬਦਲ ਨਹੀਂ ਹੈ। ਸ਼ੁਰੂ ਤੋਂ ਹੀ ਸੁਤੰਤਰਤਾ ਪਿਛੋਂ ਵਿਸ਼ਵਾਸਘਾਤ ਕੀਤਾ ਗਿਆ। ਗਾਂਧੀ, ਨਹਿਰੂ ਅਤੇ ਪਟੇਲ ਨੇ ਸਾਡੇ ਲੋਕਾਂ ਨੂੰ ਜੋ ਵਾਅਦੇ ਦਿਤੇ ਸਨ ਉਹ ਪੂਰੇ ਨਹੀਂ ਕੀਤੇ ਗਏ। ਹੁਣ ਸਾਡੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਗਿਆ ਹੈ। ਸਾਡੀਆਂ ਇਸਤਰੀਆਂ ਅਤੇ ਮਾਤਾਵਾਂ 'ਤੇ ਵਾਰ ਕੀਤੇ ਗਏ ਹਨ। ਇੰਦਰਾ ਗਾਂਧੀ ਹੱਤਿਆ ਪਿਛੋਂ ਨਵੀਂ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੀਆਂ ਹੱਤਿਆਵਾਂ ਪਿਛੋਂ ਸਾਡੇ ਲਈ ਭਾਰਤ ਵਿਚ ਕੋਈ ਥਾਂ ਨਹੀਂ। ਅਪਰਾਧੀਆਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਗਈ ... ਬਿਨਾਂ ਮੁਕੱਦਮਾ ਚਲਾਏ ਸਾਡੇ ਸੈਂਕੜੇ ਲੋਕ ਜੋਧਪੁਰ ਜੇਲ੍ਹ ਵਿਚ ਨਜ਼ਰਬੰਦ ਹਨ। ਹਾਂ, ਭਾਰਤ ਇਕ ਸ਼ਕਤੀਸ਼ਾਲੀ ਦੇਸ਼ ਹੈ ਪਰ ਅਸੀਂ ਉਸ ਨੂੰ ਅਮਨ ਨਾਲ ਰਹਿਣ ਨਹੀਂ ਦਿਆਂਗੇ। ਜਦੋਂ ਤੱਕ ਅਸੀਂ ਜਿਉਂਦੇ ਹਾਂ, ਅਸੀਂ ਲੜਾਂਗੇ।" ਹੋਰ ਬਾਗੀਆਂ ਨੇ ਵੀ ਅਜਿਹੇ ਵੀ ਵਿਚਾਰ ਪ੍ਰਗਟ ਕੀਤੇ। ਪਾਕਿਸਤਾਨ ਤੋਂ ਮਦਦ ਲੈਣਾ ਬਹੁਤ ਘੱਟ ਲੋਕਾਂ ਨੂੰ ਅਣ-ਉਚਿਤ ਲਗਦਾ ਹੈ। ਜਥੇਦਾਰ ਪਰਮਾਰ ਨੇ ਕਿਹਾ "ਦੁਸ਼ਮਣ ਦਾ ਦੁਸ਼ਮਣ ਮਿੱਤਰ ਹੁੰਦਾ ਹੈ।"

ਪਾਕਿਸਤਾਨ ਇਸ ਹਾਲਤ ਦਾ ਪੂਰਾ ਲਾਭ ਲੈ ਰਿਹਾ ਹੈ। ਸਿੱਖ-ਮੁਸਲਿਮ ਮਿੱਤਰਤਾ ਸੰਘ ਬਣਾਏ ਗਏ ਹਨ। ਇਸਲਾਮਾਬਾਦ ਵਲੋਂ ਭਾਰਤ ਵਿਰੁਧ ਹੋ ਰਹੇ ਪ੍ਰਚਾਰ ਨੂੰ ਉਤਸ਼ਾਹਿਤ ਕਰਨ ਲਈ ਇਹ ਸੰਘ ਕੈਨੇਡਾ ਅਤੇ ਅਮਰੀਕਾ ਦੋਹਾਂ ਦੇਸ਼ਾਂ ਵਿਚ ਸਰਗਰਮ ਹਨ। "ਵਿਸ਼ਵ ਸਿਖ ਸਮਾਚਾਰ" ਵਿਚ ਸਿਖ-ਮੁਸਲਿਮ ਮਿੱਤਰਤਾ ਸੰਘ ਵਲੋਂ "ਖਾਲਸਾ ਦੀ ਜਨਮ ਸ਼ਤਾਬਦੀ" ਤੇ ਵਧਾਈ ਦਿੰਦੇ ਹੋਇਆਂ ਇਕ ਪੂਰੇ ਪੰਨੇ ਦਾ ਇਸ਼ਤਿਹਾਰ ਛਪਿਆ ਹੈ। ਇਸ ਇਸ਼ਤਿਹਾਰ ਵਿਚ ਗੁਰੂ ਗੋਬਿੰਦ ਸਿੰਘ ਦਾ ਚਿੱਤਰ ਅਤੇ ਇਕ ਦੂਜੇ ਨੂੰ ਦ੍ਰਿੜ੍ਹਤਾ ਨਾਲ ਫੜੀ ਖੜੇ ਦੋ ਹੱਥ ਦਿਖਾਏ ਗਏ ਹਨ। ਇਸ ਥੱਲੇ ਇਹ ਸਤਰ ਦਰਜ ਹੈ "ਹੈਂਡ ਏਕਰੋਸ਼ ਫੇਥ"। ਇਸ ਵਿਚ ਪ੍ਰਧਾਨ ਸ੍ਰੀ ਸਈਅਦ ਜਾਵੇਦਸ਼ਾਹ, ਉਪ ਪ੍ਰਧਾਨ ਗੁਰਚਰਨ ਸਿੰਘ ਢਿਲੋਂ, ਸਕੱਤਰ ਗੁਰਿੰਦਰ ਸਿੰਘ ਗਰੇਵਾਲ ਅਤੇ ਸਹਾਇਕ ਸਕੱਤਰ ਸ਼ਾਹਿਦ ਈ. ਮੁਫਤੀ ਦੇ ਨਾਂ ਤੋਂ ਬਿਨਾਂ ਮੁਖ ਦਫਤਰ ਦਾ ਸਾਰਾ ਐਡਰੈਸ ਅਤੇ 14 ਚੈਪਟਰ ਵੀ ਪ੍ਰਕਾਸ਼ਤ ਕੀਤੇ ਗਏ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਇਸ ਇਸ਼ਤਿਹਾਰ ਦੇ ਥੱਲੇ ਅਤੇ ਦੋਹੀਂ ਪਾਸੇ ਇਕ ਸੁਨੇਹਾ ਵੀ ਪ੍ਰਕਾਸ਼ਤ ਕੀਤਾ ਗਿਆ ਹੈ ਜਿਸ ਵਿਚ ਇਸ ਮਿੱਤਰਤਾ ਸੰਘ ਵਿਚ ਇਸਲਾਮਾਬਾਦ ਦੀ ਸਰਗਰਮ ਹਿੱਸੇਦਾਰੀ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ। ਮੋਟੇ ਮੋਟੇ ਅੱਖਰਾਂ ਵਿਚ ਲਿਖੇ ਗਏ ਸੰਦੇਸ਼ ਵਿਚ ਕਿਹਾ ਗਿਆ ਹੈ "ਪਾਕਿਸਤਾਨ ਲਈ ਅਵਾਕਸ ਦਾ ਸਮਰਥਨ ਕਰੋ।" ਭਾਰਤ ਵਿਚ ਜਾਰੀ ਅਤਿਵਾਦ ਵਿਚ ਪਾਕਿਸਤਾਨ ਦੀ ਸਰਗਰਮ ਹਿੱਸੇਦਾਰੀ ਸਿੱਧ ਹੋ ਜਾਣ ਪਿਛੋਂ ਵੀ ਪਾਕਿਸਤਾਨ ਦਾ ਦਾਅਵਾ ਹੈ ਕਿ ਉਹ ਬੇਕਸੂਰ ਹੈ ਭਾਵੇਂ ਇਹ ਸੁਨੇਹਾ ਪਾਕਿਸਤਾਨ ਵਲੋਂ ਖੇਡੀ ਜਾ ਰਹੀ ਖੇਡ ਦਾ ਕੇਵਲ ਇਕ ਅੰਸ਼ ਹੀ ਹੈ।

ਇਸਲਾਮਾਬਾਦ ਲਗਾਤਾਰ ਕੈਨੇਡਾ ਵਿਚ ਵਸੇ ਸਿੱਖਾਂ ਨੂੰ ਪਾਕਿਸਤਾਨ ਆਉਣ, ਭਾਰਤ ਵਿਚ ਅਤਿਵਾਦ ਨੂੰ ਉਤਸ਼ਾਹਿਤ ਕਰਨ ਲਈ ਹਥਿਆਰ ਅਤੇ ਧਨ ਇਕੱਠਾ ਕਰਨ ਲਈ ਪ੍ਰੇਰਿਤ ਕਰਦਾ ਰਿਹਾ ਹੈ। ਪਿਛਲੇ ਦੋ ਵਰ੍ਹਿਆਂ ਵਿਚ ਘੱਟੋ ਘੱਟ ਕੈਨੇਡਾ ਦੇ ਸੱਤ ਸਿਖ ਪਾਕਿਸਤਾਨ ਵਿਚ ਵੀ. ਆਈ. ਪੀ. ਪ੍ਰਾਹੁਣੇ ਦੇ ਰੂਪ ਵਿਚ ਰਹਿ ਰਹੇ ਹਨ। ਭਾਵੇਂ ਪਾਕਿਸਤਾਨ ਨੇ ਦਿਖਾਵੇ ਲਈ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਭਾਰਤੀ ਰਾਜਨੀਤਕਾਂ 'ਤੇ ਦੋ ਵਾਰ ਤਲਵਾਰ ਨਾਲ ਵਾਰ ਕਰਨ ਦੇ ਅਪਰਾਧ ਵਿਚ ਉਨ੍ਹਾਂ 'ਤੇ ਮੁਕੱਦਮਾ ਚਲਾਇਆ ਹੈ। ਪਿਛਲੇ ਵਰ੍ਹੇ 27 ਸਤੰਬਰ ਨੂੰ 'ਵੈਨਕੂਵਰ ਸਨ' ਨੇ ਰਿਪੋਰਟ ਛਾਪੀ ਸੀ ਕਿ ਅੰਤਰਰਾਸ਼ਟਰੀ ਸਿਖ ਯੂਥ ਫੈਡਰੇਸ਼ਨ ਦੇ ਕੈਨੇਡਾ ਵਿਚ ਪ੍ਰਧਾਨ ਸ੍ਰੀ ਸਤਿੰਦਰਪਾਲ ਸਿੰਘ ਅਤੇ ਫੈਡਰੇਸ਼ਨ ਦੇ ਉਸ ਦੇ ਛੇ ਸਾਥੀ ਪਾਕਿਸਤਾਨ ਵਿਚ ਪਾਕਿਸਤਾਨੀ ਪੁਲੀਸ ਦੀ ਸੁਰੱਖਿਆ ਤਹਿਤ ਆਜ਼ਾਦ ਘੁੰਮਦੇ ਫਿਰਦੇ ਹਨ। ਉਹ ਇਨ੍ਹਾਂ ਪੁਲੀਸ ਕਰਮਚਾਰੀਆਂ ਨਾਲ ਨੌਕਰਾਂ ਵਰਗਾ ਵਿਹਾਰ ਕਰਦੇ ਹਨ। 'ਸਨ' ਅਨੁਸਾਰ ਪਹਿਲੇ ਛੇ ਮਹੀਨਿਆਂ ਲਈ ਇਹ ਸੱਤੇ ਆਦਮੀ ਪਾਕਿਸਤਾਨ ਸਰਕਾਰ ਦੇ ਮਹਿਮਾਨ ਬਣ ਕੇ ਲਾਹੌਰ ਦੇ ਇਕ ਗੈਸਟ ਹਾਊਸ ਵਿਚ ਰਹਿੰਦੇ ਰਹੇ ਸਨ। ਪਿਛਲੀ ਜੁਲਾਈ ਵਿਚ ਸੱਤ ਸਿਖ ਮੁਕੱਦਮੇ ਦੀ ਸੁਣਾਈ ਦੀ ਉਡੀਕ ਵਿਚ ਜ਼ਮਾਨਤ 'ਤੇ ਸਨ। ਇਨ੍ਹਾਂ ਵਿਚੋਂ ਚਾਰ ਭਾਰਤ ਆ ਗਏ ਹਨ। ਅਜੇ ਤਕ ਕੈਨੇਡਾ ਦੇ ਤਿੰਨ ਸਿੱਖਾਂ ਨੂੰ ਗ੍ਰਿਫਤਾਰ ਕੀਤਾ ਜਾ ਚੁਕਾ ਹੈ। ਪਾਕਿਸਤਾਨ ਵਲੋਂ ਅਤਿਵਾਦੀਆਂ ਨੂੰ ਦਿੱਤੀ ਜਾ ਰਹੀ ਟਰੇਨਿੰਗ ਅਤੇ ਉਨ੍ਹਾਂ ਦੀ ਭਾਰਤ ਆਮਦ ਸੰਬੰਧੀ ਕਾਫੀ ਕੁਝ ਇਨ੍ਹਾਂ ਤੋਂ ਪਤਾ ਲੱਗਾ ਹੈ।

ਕੈਨੇਡਾ ਦੇ ਸਿੱਖਾਂ ਵਿਚ ਕਿੰਨੇ ਕੱਟੜ ਖਾਲਿਸਤਾਨੀ ਹਨ ਅਤੇ ਉਨ੍ਹਾਂ ਦੀਆਂ ਕੀ ਗਤੀਵਿਧੀਆਂ ਹਨ? ਇਸ ਸਬੰਧੀ ਵੱਖ ਵੱਖ ਰਾਵਾਂ ਹਨ ਕੈਨੇਡਾ ਵਿਚ ਵੱਸੇ ਡੇਢ ਲੱਖ ਸਿੱਖਾਂ ਵਿਚੋਂ 5 ਜਾਂ 10 ਫੀਸਦੀ ਸਿੱਖਾਂ ਨੂੰ ਖਾਲਿਸਤਾਨੀ ਦੱਸਿਆ ਜਾ ਰਿਹਾ ਹੈ। ਪੱਕੇ ਅਤੇ ਜਾਣਕਾਰ ਸੂਤਰਾਂ ਅਨੁਸਾਰ ਓਟਾਵਾ ਅਤੇ ਹੋਰ ਥਾਵਾਂ 'ਤੇ ਇਨ੍ਹਾਂ ਦੀ ਗਿਣਤੀ ਦੋ ਤੋਂ ਢਾਈ ਸੌ ਤੋਂ ਜ਼ਿਆਦਾ ਨਹੀਂ। ਉਨ੍ਹਾਂ ਵਲੋਂ ਇਕੱਠੀ ਹੋਈ ਧਨ ਰਾਸ਼ੀ ਸੰਬੰਧੀ ਵੀ

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

Evening Office : 433-4685

If you need help and require updated information — Contact :

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ!

Tel: Off.
324-9441

# ਕੈਨੇਡਾ ਦਾ ਸਾਬਕਾ ਮੰਤਰੀ ਹੇਰਾਫੇਰੀ ਦਾ ਦੋਸ਼ੀ



SINC STEVENS

ਅਟਵਾ — ਟੋਰੀ ਪਾਰਟੀ ਦੇ ਸਾਬਕਾ ਮੰਤਰੀ ਸਿਨਕਲੇਅਰ ਸਟੀਵਨਜ਼ ਨੂੰ ਜੱਜ ਵਿਲੀਅਮ ਪਾਰਕਰ ਨੇ ਉਸਦੇ ਮੰਤਰੀ ਰਹਿਣ ਸਮੇਂ 14 ਦੋਸ਼ਾਂ ਵਿਚ ਦੋਸ਼ੀ ਕਰਾਰ ਦਿੱਤਾ ਹੈ। ਜੱਜ ਨੇ ਕਿਹਾ ਕਿ ਸਿਨਕਲੇਅਰ ਸਟੀਵਨਜ਼ ਆਪਣੇ ਮੰਤਰੀ ਦੇ ਅਹੁਦੇ ਨੂੰ ਆਪਣੇ ਜ਼ਾਤੀ ਮੁਫਾਦਾਂ ਲਈ ਵਰਤਦਾ ਰਿਹਾ।

1984 ਤੋਂ 1986 ਤੱਕ ਇਸ ਮੰਤਰੀ ਨੇ ਮੰਤਰੀ ਮੰਡਲ ਵਲੋਂ ਨਿਰਧਾਰਤ ਅਸੂਲਾਂ ਦੀ ਚੌਦਾਂ ਵਾਰ ਉਲੰਘਣਾ ਕੀਤੀ। ਜੱਜ ਨੇ ਆਪਣੀ ਟਿਪਣੀ ਵਿਚ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਮੰਤਰੀਆਂ ਲਈ ਬਣਾਏ ਅਸੂਲਾਂ ਦੀ ਪੂਰੀ ਤਰ੍ਹਾਂ ਪਾਬੰਦੀ ਲਈ ਜ਼ੋਰ ਦੇਣਾ ਚਾਹੀਦਾ ਹੈ।

60 ਸਾਲਾ ਮੰਤਰੀ, ਉਸਦੀ ਪਤਨੀ ਤੇ ਉਸਦੀ ਸਕੱਤਰ ਆਪਣੀ ਜ਼ਾਤੀ ਕੰਪਨੀ ਨੂੰ ਲਾਭ ਪਹੁੰਚਾਉਣ ਦੇ ਯਤਨ ਵਿਚ ਲੱਗੇ ਰਹੇ।

ਲਿਬਰਲ ਪਾਰਟੀ ਅਤੇ ਨੀਊ ਡੈਮੋਕਰੈਟਿਕ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਨੇ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਮਰੂਨੀ ਦੀ ਉਨਾ ਹੀ ਜ਼ਿਮੇਵਾਰੀ ਹੈ। ਇਸ ਇਨਕੁਆਰੀ ਉਤੇ ਤੀਹ ਲੱਖ ਡਾਲਰ ਖਰਚ ਆਇਆ। ਲਿਬਰਲ ਪਾਰਟੀ ਨੇ ਮੰਗ ਕੀਤੀ ਹੈ ਕਿ ਸਾਢੇ ਛੇ ਲੱਖ ਡਾਲਰ ਸਟੀਵਨਜ਼ ਨੂੰ ਸਰਕਾਰ ਨੂੰ ਦੇਣੇ ਬਣਦੇ ਹਨ।

ਮਰੂਨੀ ਸਰਕਾਰ ਵਿਚੋਂ ਕੱਢਿਆ ਜਾਣ ਵਾਲਾ ਇਹ ਪੰਜਵਾਂ ਮੰਤਰੀ ਹੈ।

# ਵੱਖ ਵੱਖ ਦੋਸ਼ਾਂ ਤਹਿਤ 23 ਪੁਲਿਸ ਵਾਲੇ ਡਿਸਮਿਸ ਕਰ ਦਿੱਤੇ

ਜਲੰਧਰ — ਜਲੰਧਰ ਪੁਲਸ ਦੇ ਹੁਣ ਤੱਕ 23 ਪੁਲਸ ਕਰਮਚਾਰੀਆਂ ਨੂੰ ਨੌਕਰੀ ਤੋਂ ਡਿਸਮਿਸ ਕੀਤਾ ਜਾ ਚੁਕਾ ਹੈ ਜਿਹਨਾਂ ਵਿਚ ਪੰਦਰਾਂ ਅਤਿਵਾਦੀਆਂ ਨਾਲ ਸਬੰਧ ਰੱਖਣ, ਗਿਆਰਾਂ ਭ੍ਰਿਸ਼ਟਾਚਾਰ ਦੇ ਮਾਮਲੇ ਅਤੇ ਦੋ ਹੋਰ ਮਾਮਲਿਆਂ ਨਾਲ ਸਬੰਧਤ ਹਨ। ਉਕਤ ਜਾਣਕਾਰੀ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਐਸ ਐਸ ਪੀ ਸ੍ਰੀ ਐਸ ਐਸ ਬੈਂਸ ਨੇ ਦਿੱਤੀ।

ਉਹਨਾਂ ਦੱਸਿਆ ਕਿ ਅਤਿਵਾਦੀਆਂ ਨਾਲ ਸਬੰਧ ਰੱਖਣ ਵਾਲਿਆਂ ਵਿਚ 9 ਸਿਪਾਹੀ ਅਤੇ ਇਕ ਹੈਡ ਕਾਂਸਟੇਬਲ ਸ਼ਾਮਲ ਹਨ ਜਦ ਕਿ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਡਿਸਮਿਸ 11 ਵਿਚੋਂ ਦੋ ਐਸ. ਆਈ., ਏ. ਐਸ. ਆਈ., ਇਕ ਹੈਡ ਕਾਂਸਟੇਬਲ ਅਤੇ ਇਕ ਸਿਪਾਹੀ ਸ਼ਾਮਲ ਹਨ।

ਉਹਨਾਂ ਦੱਸਿਆ ਕਿ ਇਹ ਕਾਰਵਾਈ ਦਫਾ 311 ਦੇ ਅਧੀਨ ਕੀਤੀ ਗਈ ਹੈ। ਉਹਨਾਂ ਨੇ ਦੱਸਿਆ ਕਿ ਹੁਣ ਤੱਕ ਐਨ ਐਸ ਏ ਦੇ ਅਧੀਨ ਜ਼ਿਲੇ ਵਿਚ 58 ਲੋਕਾਂ ਦੇ ਵਿਰੁੱਧ ਕੇਸ ਦਰਜ ਕੀਤੇ ਗਏ ਹਨ ਜਿਹਨਾਂ ਵਿਚ 56 ਗ੍ਰਿਫਤਾਰ ਕੀਤੇ ਜਾ ਚੁਕੇ ਹਨ ਜਦ ਕਿ ਜਗਤਾਰ ਸਿੰਘ ਅਤੇ ਪਰਮਿੰਦਰ ਸਿੰਘ ਨਹੀਂ ਫੜੇ ਜਾ ਸਕੇ ਸਨ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਛੇ ਗ੍ਰਿਫਤਾਰੀਆਂ ਕਾਫੀ ਪੋਸਾ ਅਧੀਨ ਕੀਤੀਆਂ ਗਈਆਂ ਹਨ।

## ਬੰਗਲਾ ਦੇਸ਼ ਵਿਚ ਫੌਜੀ ਰਾਜ ਦੇ ਗਿਣਵੇਂ ਦਿਨ

# ਬੰਗਲਾ ਦੇਸ਼ ਦੀ ਪਾਰਲੀਮੈਂਟ ਤੋੜ ਦਿੱਤੀ ਗਈ — ਚੋਣਾਂ ਤਿੰਨ ਮਹੀਨੇ ਦੇ ਅੰਦਰ ਹੋਣਗੀਆਂ

ਢਾਕਾ — ਫੌਜੀ ਡਿਕਟੇਟਰ ਜਨਰਲ ਇਰਸ਼ਾਦ ਵਿਰੁੱਧ ਜਨਤਕ ਮੁਹਿੰਮ ਏਨਾ ਜ਼ੋਰ ਫੜ ਗਈ ਹੈ ਕਿ ਅਖੌਤੀ ਪ੍ਰਧਾਨ ਨੂੰ ਬੰਗਲਾ ਦੇਸ਼ ਦੀ ਪਾਰਲੀਮੈਂਟ ਭੰਗ ਕਰਕੇ 90 ਦਿਨਾਂ ਅੰਦਰ ਨਵੀਆਂ ਚੋਣਾਂ ਕਰਵਾਉਣ ਦਾ ਐਲਾਨ ਕਰਨਾ ਪੈ ਗਿਆ ਹੈ।

ਅਮਰੀਕਾ ਦੀ ਕਠਪੁੱਤਲੀ ਸਰਕਾਰ ਦੇ ਦਿਨ ਗਿਣਵੇਂ ਹੀ ਦੱਸੇ ਜਾਂਦੇ ਹਨ। ਸੋਮਵਾਰ ਹੁਸੈਨ ਮੁਹੰਮਦ ਇਰਸ਼ਾਦ ਨੇ ਕਿਹਾ ਕਿ ਚੋਣਾਂ ਤਿੰਨ ਮਹੀਨੇ ਦੇ ਅੰਦਰ ਅੰਦਰ ਕਰਵਾ ਦਿੱਤੀਆਂ ਜਾਣਗੀਆਂ।

## ਢਾਕਾ ਬੰਦ

ਐਤਵਾਰ ਨੂੰ ਵਿਰੋਧੀ ਪਾਰਟੀਆਂ ਦੇ ਸੱਦੇ ਉਤੇ ਸਾਰਾ ਢਾਕਾ ਸ਼ਹਿਰ ਬੰਦ ਰਿਹਾ। ਸਰਕਾਰੀ ਬੱਸਾਂ ਸੜਕਾਂ ਉਤੇ ਘੁੰਮਦੀਆਂ ਰਹੀਆਂ ਪਰ ਬੱਸਾਂ ਵਿਚ ਚੜ੍ਹਨ ਲਈ ਸਵਾਰੀ ਕੋਈ ਨਹੀਂ ਸੀ। ਸਾਰੀਆਂ ਦੁਕਾਨਾਂ ਅਤੇ ਬਾਜ਼ਾਰ ਮੁਕੰਮਲ ਤੌਰ ਉਤੇ ਬੰਦ ਰਹੇ।

## ਸ਼ਹਿਰਾਂ ਵਿਚ ਬੰਬ ਧਮਾਕੇ

ਢਾਕਾ, ਚਿਟਾਂਗਾਂਗ ਅਤੇ ਖੁਲਨਾ ਵਿਚ ਕਈ ਥਾਂ ਬੰਬ ਧਮਾਕੇ ਹੋਏ ਪਰ ਕਿਸੇ ਮੌਤ ਦੀ ਖਬਰ ਨਹੀਂ ਹੈ। ਜਨਰਲ ਇਰਸ਼ਾਦ ਤੋਂ ਲੋਕ ਅਸਤੀਫੇ ਦੀ ਮੰਗ ਕਰ ਰਹੇ ਹਨ ਅਤੇ ਵਿਰੋਧੀ ਪਾਰਟੀਆਂ ਨੇ ਜਨਰਲ ਇਰਸ਼ਾਦ ਵਿਰੁੱਧ ਅਜਿਹੀ ਲੋਕ-ਲਹਿਰ ਲਾਮਬੰਦ ਕੀਤੀ ਹੈ ਕਿ ਆਉਂਦੀਆਂ ਚੋਣਾਂ ਵਿਚ ਜਨਰਲ ਇਰਸ਼ਾਦ ਦੀ ਪਾਰਟੀ ਦਾ ਸਫਾਇਆ ਹੋ ਜਾਣਾ ਯਕੀਨੀ ਦੱਸਿਆ ਜਾਂਦਾ ਹੈ।

# ਭਾਰਤ-ਅਮਰੀਕਾ ਦੇ ਸਬੰਧ ਵਿਗੜਨ ਲੱਗੇ

## ਦੋਹਾਂ ਸਦਨਾਂ ਵਿਚ ਅਮਰੀਕਾ ਦੀ ਨਿਖੇਧੀ

ਨਵੀਂ ਦਿੱਲੀ — ਰਾਜ ਸਭਾ ਅਤੇ ਲੋਕ ਸਭਾ ਵਿਚ ਪਾਰਲੀਮੈਂਟ ਮੈਂਬਰਾਂ ਨੇ ਅਮਰੀਕਾ ਦੀ ਇਸ ਗੱਲੋਂ ਨਿਖੇਧੀ ਕੀਤੀ ਹੈ ਕਿ ਉਹ ਭਾਰਤ ਅਤੇ ਪਾਕਿਸਤਾਨ ਨੂੰ ਇਕੋ ਪੱਲੜੇ ਤੋਲ ਰਿਹਾ ਹੈ। ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਦੋਸ਼ ਲਾਇਆ ਕਿ ਅਮਰੀਕੀ ਸੈਨੇਟ ਭਾਰਤ ਨੂੰ ਬਲੈਕਮੇਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ — ਇਸ ਲਈ ਸੈਨੇਟ ਨੂੰ ਸਖਤ ਤਾੜਨਾ ਕੀਤੀ ਜਾਣੀ ਜ਼ਰੂਰੀ ਹੈ ਕਿ ਉਹ ਇਕ ਲੋਕ-ਤੰਤਰ ਰਾਜ ਨੂੰ ਇਕ ਫੌਜੀ ਹਕੂਮਤ ਦੇ ਮੁਕਾਬਲੇ ਕਿਵੇਂ ਬਰਾਬਰ ਦੀ ਤੁਲਨਾ ਦੇ ਸਕਦਾ ਹੈ।

ਜਨਤਾ ਪਾਰਟੀ ਦੇ ਇਕ ਮੈਂਬਰ ਨੇ ਕਿਹਾ ਕਿ ਅਮਰੀਕਨ ਰਾਸ਼ਟਰਪਤੀ ਨੂੰ ਇਹ ਦੱਸ ਦੇਣਾ ਚਾਹੀਦਾ ਹੈ ਕਿ ਭਾਰਤ ਅਮਰੀਕਾ ਦੀ ਬਲੈਕਮੇਲ ਦੀ ਪ੍ਰਵਾਹ ਨਹੀਂ ਕਰਦਾ। ਬਦੇਸ਼ੀ ਮੰਤਰਾਲੇ ਦੇ ਰਾਜ ਮੰਤਰੀ ਨਟਵਰ ਸਿੰਘ ਨੇ ਕਿਹਾ ਕਿ ਦੋਵਾਂ ਸਦਨਾਂ ਵਿਚ ਹੀ ਸਾਰੀਆਂ ਪਾਰਟੀਆਂ ਦੇ ਤਿੱਖੇ ਪ੍ਰਤੀਕਰਮ ਤੋਂ ਅਮਰੀਕਨ ਸੈਨੇਟ ਨੂੰ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਭਾਰਤ ਅਮਰੀਕਾ ਦੀਆਂ ਧਮਕੀਆਂ ਦੀ ਕੱਖ ਪ੍ਰਵਾਹ ਨਹੀਂ ਕਰਦਾ।

# ਪਾਸਪੋਰਟ ਦਫਤਰ ਦੇ ਰਿਸ਼ਵਤਖੋਰਾਂ ਵਿਰੁਧ ਲੋਕਾਂ 'ਚ ਭਾਰੀ ਰੋਸ

ਫਿਲੌਰ — ਪਾਸਪੋਰਟ ਦਫਤਰ ਜਲੰਧਰ ਤੋਂ ਲੋਕ ਬਹੁਤ ਦੁਖੀ ਹਨ ਲੋਕਾਂ ਨੂੰ 8-10 ਮਹੀਨੇ ਹੋ ਗਏ ਹਨ ਪਾਸਪੋਰਟ ਅਪਲਾਈ ਕੀਤਿਆਂ ਪਰ ਅਜੇ ਤੱਕ ਉਨ੍ਹਾਂ ਨੂੰ ਪਾਸਪੋਰਟ ਨਹੀਂ ਮਿਲੇ ਹਨ ਜਦੋਂ ਕਿ ਪਾਸਪੋਰਟ ਦਫਤਰ ਚੰਡੀਗੜ੍ਹ ਤੋਂ 45 ਦਿਨਾਂ ਦੇ ਅੰਦਰ ਹੀ ਨਵਾਂ ਪਾਸਪੋਰਟ ਮਿਲ ਜਾਂਦਾ ਹੈ। ਇਕ ਵਿਅਕਤੀ ਨੇ ਦੱਸਿਆ ਹੈ ਕਿ ਉਸ ਨੇ ਅੱਠ ਮਹੀਨੇ ਹੋ ਗਏ ਆਪਣੇ ਲੜਕੇ ਦਾ ਪਾਸਪੋਰਟ ਅਪਲਾਈ ਕੀਤਾ ਸੀ ਅਤੇ 4-5 ਵਾਰ ਇਨਕੁਆਰੀ ਵੀ ਕੀਤੀ ਹੈ ਅਤੇ ਉਤਨੀ ਵਾਰ ਜਵਾਬ ਮਿਲਿਆ ਹੈ ਕਿ ਪਾਸਪੋਰਟ ਪੰਦਰਾਂ ਦਿਨਾਂ ਤਕ ਮਿਲ ਜਾਵੇਗਾ। ਪਤਾ ਨਹੀਂ ਇਨ੍ਹਾਂ ਦੇ ਪੰਦਰਾਂ ਦਿਨ ਕਦੋਂ ਆਉਣੇ ਹਨ। ਪਾਸਪੋਰਟ ਅਜੇ ਤੱਕ ਨਹੀਂ ਮਿਲਿਆ ਇਹ ਵੀ ਦੱਸਿਆ ਗਿਆ ਹੈ ਕਿ ਪੈਸੇ ਖਰਚੋ ਅਤੇ ਪਾਸ ਪੋਰਟ ਇਕ ਹਫਤੇ ਅੰਦਰ ਲੈ ਲਵੋ। ਲੋਕਾਂ ਦੱਸਿਆ ਕਿ ਹੁਣ ਪਾਸਪੋਰਟ ਅਪਲਾਈ ਕਰਨ ਵਾਲੇ ਫਾਰਮ ਇਸ ਦਫਤਰ ਤੋਂ ਨਹੀਂ ਮਿਲਦੇ ਪਰ ਬਾਹਰ ਬੈਠੇ ਲੋਕਾਂ ਤੋਂ 100 ਰੁਪੈ ਦਾ ਜਦੋਂ ਚਾਹੋ ਜਿਤਨੇ ਚਾਹੋ ਲੈ ਲਵੋ।

## ਕੈਨੇਡਾ ਦਰਪਣ ਦਾ ਵਿਸ਼ੇਸ਼ ਅੰਕ 23 ਦਸੰਬਰ ਨੂੰ

'ਕੈਨੇਡਾ ਦਰਪਣ' ਦਾ ਗੁਰੂ ਗੋਬਿੰਦ ਸਿੰਘ ਅੰਕ ਜਿਸ ਵਿਚ ਕ੍ਰਿਸਮਿਸ ਤੇ ਨਵਾਂ ਸਾਲ ਸਪਲੀਮੈਂਟ ਵੀ ਸ਼ਾਮਲ ਹੋਣਗੇ 23 ਦਸੰਬਰ ਨੂੰ ਆ ਰਿਹਾ ਹੈ। ਲੇਖਕਾਂ ਅਤੇ ਵਪਾਰੀ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣਾ ਮੈਟਰ 19 ਦਸੰਬਰ ਤੱਕ ਜ਼ਰੂਰ ਪੁਜਦਾ ਕਰ ਦੇਣ।

—ਸਰਕੂਲੇਸ਼ਨ ਮੈਨੇਜਰ

To protect your family, your mortgage, or to ensure your childrens' education, for an RRSP or an annuity, contact:

AVTAR S. RANDHAWA
B.A., B.T.



AVTAR S. RANDHAWA

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.

DOSANJH & PIRANI

#202 - 5887 Victoria Drive, Vancouver, B.C. V5P 3W5

Phone 327-6381

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

ਅਨੇਕਾਂ ਅਨੁਮਾਨ ਹਨ। ਕੁਝ ਲੋਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਨੇ ਲੱਖਾਂ ਡਾਲਰ ਇਕੱਠੇ ਕਰ ਲਏ ਹਨ। ਪਰ ਭਾਰਤ ਬਹੁਤ ਘੱਟ ਰੁਪਿਆ ਭੇਜਿਆ ਜਾ ਰਿਹਾ ਹੈ। ਦੋਸ਼ ਇਹ ਲਾਇਆ ਜਾਂਦਾ ਹੈ ਕਿ ਵੱਖ ਵੱਖ ਸਥਾਨਕ ਆਗੂਆਂ ਨੇ ਵੀ ਪੈਸਾ ਹੜੱਪ ਲਿਆ ਹੈ। ਇਕੱਠੀ ਕੀਤੀ ਗਈ ਧਨ ਰਾਸ਼ੀ ਕਾਰਨ ਅਨੇਕਾਂ ਨੇਤਾਵਾਂ ਵਿਚ ਵਾਦ-ਵਿਵਾਦ ਚਲ ਰਿਹਾ ਹੈ। ਮੇਰੇ ਨਾਲ ਗੱਲਬਾਤ ਦੌਰਾਨ ਤਲਵਿੰਦਰ ਸਿੰਘ ਪਰਮਾਰ ਨੇ ਆਪਣੇ 'ਤੇ ਲੱਗੇ ਦੋਸ਼ਾਂ ਦਾ ਖੰਡਨ ਕਰਦੇ ਹੋਏ ਜਥੇਦਾਰ ਕਾਹਲੋਂ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਉਸ ਨੂੰ ਬਦਨਾਮ ਕਰਨ ਲਈ ਜਥੇਦਾਰ ਕਾਹਲੋਂ ਨੂੰ ਕਿਰਾਏ 'ਤੇ ਰੱਖਿਆ ਹੈ। ਇਕੱਠੇ ਹੋਏ ਪੈਸੇ ਸੰਬੰਧੀ ਸੱਚ ਕੀ ਹੈ, ਇਸ ਦਾ ਉਤਰ ਸਪਸ਼ਟ ਨਹੀਂ ਹੈ। ਕੈਨੇਡਾ ਦੇ ਸਿੱਖ ਖੁੱਲ੍ਹੇ ਦਿਲ ਨਾਲ ਚੰਦਾ ਦਿੰਦੇ ਹਨ। ਇਕ ਪੱਕੇ ਸੂਤਰ ਅਨੁਸਾਰ ਪਾਕਿਸਤਾਨ ਤੋਂ ਸਰਗਰਮ ਆਪਣੇ ਕਾਰਕੁਨਾਂ ਲਈ ਕੈਨੇਡਾ ਦੇ ਸਿਖ ਅਤਿਵਾਦੀਆਂ ਨੇ ਯੂਰਪ ਤੋਂ ਪੰਜ ਲੱਖ ਡਾਲਰਾਂ ਦੇ ਹਥਿਆਰ ਖਰੀਦੇ।

ਧਾਰਮਿਕ ਸਿੱਖਾਂ ਨੂੰ ਵੱਖ ਵੱਖ ਤਰ੍ਹਾਂ ਦੇ ਕਿੱਸੇ ਸੁਣਾਏ ਜਾਂਦੇ ਹਨ। ਇਸ ਵਰ੍ਹੇ ਅਪ੍ਰੈਲ ਵਿਚ ਕੈਨੇਡਾ ਦੇ ਪਾਰਲੀਮੈਂਟ ਮੈਂਬਰਾਂ ਦੀ ਇਕ ਟੋਲੀ ਭਾਰਤ ਆਈ ਸੀ। ਡੈਲੀਗੇਸ਼ਨ ਦੇ ਨੇਤਾ ਸ੍ਰੀ ਬੈਨੋ ਫਰੀਸਮੈਨ ਨੇ ਵਾਪਸ ਜਾ ਕੇ ਹਾਊਸ ਆਫ ਕਾਮਨਜ਼ ਵਿਚ ਭਾਰਤੀ ਅਤੇ ਕੈਨੇਡਾ ਵਾਸੀਆਂ ਦੀ ਇਕ ਮੀਟਿੰਗ ਵਿਚ ਕਿਹਾ ਕਿ ਪੰਜਾਬ ਦੀ ਹਾਲਤ ਸੰਬੰਧੀ ਕੈਨੇਡਾ ਵਿਚ ਬੜੀਆਂ ਗਲਤ ਸੂਚਨਾਵਾਂ ਫੈਲਾਈਆਂ ਗਈਆਂ ਹਨ। ਕੈਨੇਡਾ ਦਾ ਕੁਝ ਸਿੱਖਾਂ ਨੂੰ ਆਸ ਸੀ ਕਿ ਅਸੀਂ ਕੈਨੇਡਾ ਵਾਪਸ ਆ ਕੇ

ਕਹਾਂਗੇ ਕਿ ਪੰਜਾਬ ਵਿਚ ਸਥਿਤੀ ਅਜਿਹੀ ਹੈ ਕਿ ਖਾਲਿਸਤਾਨ ਬਨਾਉਣ ਦਾ ਇਹ ਉਚਿਤ ਸਮਾਂ ਹੈ। ਪਰ ਉਨ੍ਹਾਂ ਨੇ ਨਵੀਂ ਦਿੱਲੀ ਵਿਰੁਧ ਜੋ ਸ਼ਿਕਾਇਤਾਂ ਪੰਜਾਬ ਵਿਚ ਸੁਣੀਆਂ, ਅਜਿਹੀਆਂ ਹੀ ਸ਼ਿਕਾਇਤਾਂ ਪੱਛਮੀ ਬੰਗਾਲ, ਮਹਾਂਰਾਸ਼ਟਰ ਅਤੇ ਦੱਖਣ ਵਾਲਿਆਂ ਨੂੰ ਵੀ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ "ਪੰਜਾਬ ਵਿਚ ਕਿਸੇ ਨੇ ਖਾਲਿਸਤਾਨ ਦੀ ਚਰਚਾ ਨਹੀਂ ਕੀਤੀ।" ਏਨਾ ਹੀ ਨਹੀਂ ਸ੍ਰੀ ਫਰੀਸਮੈਨ ਨੇ ਕੈਨੇਡਾ ਵਿਚ ਰਹਿਣ ਵਾਲੇ ਸਿਖ ਭਾਈਚਾਰੇ ਵਿਚੋਂ ਅਤਿਵਾਦੀ ਤੱਤਾਂ ਵਲੋਂ ਪੱਖਪਾਤੀ ਰਵੱਈਏ ਦੀ ਨਿੰਦਾ ਕੀਤੀ। ਇਹ ਲੋਕ ਕੈਨੇਡਾ ਵਿਚ ਰਹਿੰਦੇ ਹੋਏ ਭਾਰਤੀ ਸਿੱਖਾਂ ਲਈ ਇਕ ਸੁਤੰਤਰ ਦੇਸ਼ ਚਾਹੁੰਦੇ ਹਨ। ਉਨ੍ਹਾਂ ਐਲਾਨ ਕੀਤਾ "ਭਾਰਤ ਜਾਣ ਤੋਂ ਪਹਿਲਾਂ ਕੈਨੇਡਾ ਦੇ ਸਿੱਖਾਂ ਨੇ ਸਾਨੂੰ ਕਿਹਾ ਸੀ ਕਿ ਅੰਮ੍ਰਿਤਸਰ ਵਿਚ ਸਾਨੂੰ 20 ਅਤੇ 30 ਸਾਲ ਦਾ ਇਕ ਵੀ ਸਿਖ ਨਜ਼ਰ ਨਹੀਂ ਆਵੇਗਾ। ਪਰ ਅਸੀਂ ਸ਼ਹਿਰ ਵਿਚ ਘੁੰਮਦੇ ਫਿਰਦੇ ਆਪਣਾ ਕੰਮ ਕਰਦੇ ਹੋਏ ਕਈ ਸਿਖ ਨੌਜਵਾਨਾਂ ਨੂੰ ਵੇਖਿਆ।" ਮਹੱਤਵਪੂਰਨ ਇਹ ਗੱਲ ਕਿ ਸ੍ਰੀ ਫਰੀਸਮੈਨ ਨੇ ਬਿਆਨ ਦਿਤਾ ਕਿ "ਸਾਰੇ ਦੇਸ਼ ਵਿਚ ਯਾਤਰਾ ਸਮੇਂ ਸਾਨੂੰ ਕਿਸੇ ਤਰ੍ਹਾਂ ਦੀ ਕਠਿਨਾਈ ਦਾ ਸਾਹਮਣਾ ਨਹੀਂ ਕਰਨਾ ਪਿਆ।"

ਕੈਨੇਡਾ ਵਾਸੀ ਇਸ ਮਸਲੇ ਬਾਰੇ ਕੀ ਸੋਚਦੇ ਹਨ? ਕਈ ਬਹਾਦਰ ਅਤੇ ਸਾਹਸੀ ਲੋਕਾਂ ਦਾ ਵਿਚਾਰ ਹੈ ਕਿ ਅਤਿਵਾਦੀ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਉਨ੍ਹਾਂ ਦੇ ਭਾਈਚਾਰੇ ਨੂੰ ਬਦਨਾਮ ਕਰ ਰਹੀਆਂ ਹਨ। ਭਾਰਤੀ ਮੂਲ ਦੇ ਇਨ੍ਹਾਂ ਕੈਨੇਡਾ ਵਾਸੀਆਂ ਵਿਚੋਂ ਮਹੱਤਵਪੂਰਨ ਵੈਨਕੂਵਰ ਦੇ ਵਕੀਲ ਸ੍ਰੀ ਉਜੱਲ ਦੁਸਾਂਝ ਅਤੇ ਟਰਾਂਟੋ ਦੇ ਸ੍ਰੀ ਨਿਰਮਲ ਢੀਂਡਸਾ ਨਾਲ ਮੈਂ ਗੱਲਬਾਤ ਕੀਤੀ। ਸ੍ਰੀ ਢੀਂਡਸਾ ਦਾ ਦਾਅਵਾ ਹੈ ਕਿ ਕਈ ਬਾਗੀ ਚੰਗਾ ਵਪਾਰ ਕਰ ਰਹੇ ਹਨ। ਜਿਹਾ ਕਿ ਸੀ. ਪੀ. ਆਈ. (ਐਮ) ਪੋਲਿਟ ਬਿਊਰੋ ਦੇ ਇਕ ਮੈਂਬਰ ਸ੍ਰੀ ਹਰਕਿਸ਼ਨ ਸਿੰਘ ਸੁਰਜੀਤ ਦੀ ਯਾਤਰਾ ਦੌਰਾਨ ਹੋਇਆ। ਇਨ੍ਹਾਂ ਦੀ ਗਿਣਤੀ ਵਧਾ ਚੜ੍ਹਾ ਕੇ ਦੱਸੀ ਜਾਂਦੀ ਹੈ। ਬਾਗੀਆਂ ਨੇ ਸ੍ਰੀ ਸੁਰਜੀਤ ਦੀ ਨਿੰਦਾ ਇਹ ਕਹਿ ਕੇ ਕੀਤੀ ਸੀ ਕਿ ਉਹ ਕਿ ਸਿੱਖ ਪੰਥ ਦੇ ਸਭ ਤੋਂ ਵੱਡੇ ਦੁਸ਼ਮਣ ਹਨ। ਉਨ੍ਹਾਂ ਨੇ ਸ੍ਰੀ ਸੁਰਜੀਤ ਨੂੰ ਚਿਤਾਵਨੀ ਦਿੱਤੀ ਸੀ ਕਿ ਉਨ੍ਹਾਂ ਨੂੰ ਕਿਸੇ ਵੀ ਮੀਟਿੰਗ ਨੂੰ ਸੰਬੋਧਨ ਨਹੀਂ ਕਰਨ ਦਿੱਤਾ ਜਾਵੇਗਾ। ਤਾਂ ਵੀ ਟਰਾਂਟੋ ਅਤੇ ਵੈਨਕੂਵਰ ਵਿਚ ਦੋ ਸਫਲ ਮੀਟਿੰਗਾਂ ਬੁਲਾਈਆਂ ਗਈਆਂ ਸਨ। ਉਨ੍ਹਾਂ ਨੇ ਪੁਸ਼ਟੀ ਕੀਤੀ ਕਿ ਕੈਨੇਡਾ ਵਿਚ ਵਸੇ ਜ਼ਿਆਦਾਤਰ ਪੰਜਾਬੀ ਖਾਲਿਸਤਾਨ ਦੇ ਸਮਰਥਕ ਨਹੀਂ ਹਨ। ਕੁਝ ਸਮਾਂ ਪਹਿਲਾਂ ਦੁਸਾਂਝ ਨੇ ਬਾਗੀਆਂ ਨੂੰ ਗੁੰਡੇ ਦੱਸਦੇ ਹੋਏ ਉਨ੍ਹਾਂ ਦੀ ਸ਼ਰੇਆਮ ਨਿੰਦਾ ਕੀਤੀ ਸੀ। ਉਨ੍ਹਾਂ ਕਿਹਾ "ਕੈਨੇਡਾ ਵਿਚ ਸਾਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਹੈ। ਸਾਡੀ ਲੜਾਈ ਅਤੇ ਭਵਿੱਖ ਇਥੇ ਹੀ ਹੈ।" ਬਾਗੀਆਂ ਦੀ ਪ੍ਰਤੀਕਿਰਿਆ ਤਿੱਖੀ ਸੀ, ਇਕ ਦਿਨ ਜਦੋਂ ਉਹ ਆਪਣੀ ਕਾਰ ਵਿਚ ਬੈਠਣ ਲੱਗੇ ਤਾਂ ਲੋਹੇ ਦੀ ਛੜੀ ਨਾਲ ਉਨ੍ਹਾਂ ਦੇ ਸਿਰ 'ਤੇ ਵਾਰ ਕੀਤਾ ਗਿਆ। ਉਹ ਬੇਹੋਸ਼ ਹੋ ਗਏ ਅਤੇ ਉਨ੍ਹਾਂ ਨੂੰ 80 ਟਾਂਕੇ ਲੱਗੇ। ਫਿਰ ਵੀ ਉਹ ਖਾਲਿਸਤਾਨ ਦੀ ਮੰਗ ਦੀ ਸ਼ਰੇਆਮ ਵਿਰੋਧਤਾ ਕਰਦੇ ਹਨ।

ਮਾਂਟਰੀਅਲ, ਓਟਾਵਾ, ਟਰਾਂਟੋ, ਕਿੰਗਸਟਨ ਅੰਟਾਰੀਓ, ਕੈਲਗਰੀ ਅਤੇ ਵੈਨਕੂਵਰ ਵਿਚ ਮੈਂ ਜਨਤਕ ਵਿਅਕਤੀਆਂ, ਪ੍ਰਕਾਸ਼ਕਾਂ, ਸੰਪਾਦਕਾਂ ਅਤੇ ਪ੍ਰੋਫੈਸਰਾਂ ਸਮੇਤ ਜਿੰਨੇ ਵੀ ਪ੍ਰਮੁਖ ਕੈਨੇਡਾ ਵਾਸੀਆਂ ਨੂੰ ਮਿਲਿਆ ਸਾਰੇ ਇਕ ਮੁੱਦੇ 'ਤੇ ਸਹਿਮਤ ਸਨ: ਭਾਰਤੀ ਮੂਲ ਦੇ ਸਿੱਖਾਂ ਵਿਚ ਜੋ ਬਾਗੀ ਹਨ ਉਹ ਆਪਣੇ ਮੇਜ਼ਬਾਨ ਦੇਸ਼ ਵਿਚ ਆਪਣੀਆਂ ਸਮੱਸਿਆਵਾਂ ਰੱਖ ਕੇ ਨਿਆਂਪੂਰਬਕ ਗੱਲ ਨਹੀਂ ਕਰ ਰਹੇ। ਕੈਨੇਡਾ ਵਿਚ ਆ ਜਾਣ ਪਿਛੋਂ ਉਨ੍ਹਾਂ ਨੂੰ ਚੰਗੇ ਨਾਗਰਿਕ ਬਣ ਕੇ ਰਹਿਣਾ ਚਾਹੀਦਾ ਹੈ। ਜੇ ਉਨ੍ਹਾਂ ਨੂੰ ਭਾਰਤ ਵਿਚ ਕੋਈ ਵਿਸ਼ਾ ਏਨਾ ਚਿੰਤਾਤੁਰ ਕਰਦਾ ਹੈ ਤਾਂ ਉਨ੍ਹਾਂ ਨੂੰ ਵਾਪਸ ਭਾਰਤ ਚਲੇ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਕੋਈ ਹੱਕ ਨਹੀਂ ਕਿ ਉਹ ਕੈਨੇਡਾ ਨੂੰ ਸ਼ਰਮਿੰਦਾ ਕਰਨ ਅਤੇ ਮਿੱਤਰ ਦੇਸ਼ਾਂ ਨਾਲ ਉਨ੍ਹਾਂ ਦੇ ਸਬੰਧ ਖਰਾਬ ਕਰਨ। ਫਰਵਰੀ ਵਿਚ ਸ੍ਰੀ ਕਲਾਰਕ ਨੇ ਭਾਰਤ ਯਾਤਰਾ ਦੌਰਾਨ ਕਿਹਾ ਸੀ ਕਿ ਮੇਰੀ ਸਰਕਾਰ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਅਤਿਵਾਦੀ ਕੈਨੇਡਾ ਦੀ ਵਰਤੋਂ ਨਹੀਂ ਕਰ ਸਕਦੇ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਆਪਣੇ ਦੇਸ਼ ਵਿਚ ਆਪਣੇ ਰਾਜਨੀਤਕ ਨਿਸ਼ਾਨੇ ਪੂਰੇ ਕਰਨ ਲਈ ਬਹੁਤ ਘੱਟ ਹਿੰਸਾਤਮਕ ਗਤੀਵਿਧੀਆਂ ਵਿਚ ਹਿੱਸਾ ਲੈਂਦੇ ਹਨ। ਤਾਂ ਵੀ ਅਸੀਂ ਹਾਲਤ ਨੂੰ ਗੰਭੀਰਤਾ ਨਾਲ ਲੈਂਦੇ ਹਾਂ ਅਤੇ ਉਨ੍ਹਾਂ ਤੋਂ ਪੈਦਾ ਹੋਣ ਵਾਲੇ ਖਤਰਿਆਂ ਨੂੰ ਅਸੀਂ ਸੁਰੱਖਿਆ ਦੇ ਸੰਦਰਭ ਵਿਚ ਪਹਿਲ ਦਿੰਦੇ ਹਾਂ। ਅਤਿਵਾਦੀਆਂ ਨੂੰ ਕੱਢੇ ਜਾਣ ਵਾਲੀ ਸੰਧੀ ਭਾਰਤ-ਕੈਨੇਡਾ ਵਲੋਂ ਸਾਂਝੇ ਤੌਰ 'ਤੇ ਅਤਿਵਾਦ ਦਾ ਸਾਹਮਣਾ ਕਰਨ ਦੀ ਇਕ ਮਿਸਾਲ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਕੈਨੇਡਾ ਨੇ ਭਾਰਤ ਵਲੋਂ ਦਿੱਤੇ ਗਏ ਅਨੇਕਾਂ ਪ੍ਰਸਤਾਵ ਮੰਨ ਲਏ ਹਨ ਭਾਵੇਂ ਇਸ ਮਾਮਲੇ ਵਿਚ ਬਰਤਾਨੀਆਂ ਨੇ ਅਜੇ ਵੀ ਕੋਈ ਫੈਸਲਾ ਨਹੀਂ ਕੀਤਾ। ਖੁਸ਼ਕਿਸਮਤੀ ਨੂੰ ਇਨ੍ਹਾਂ ਤੱਥਾਂ ਨਾਲ ਬਾਗੀਆਂ ਨੂੰ ਅਤਿ ਜ਼ਰੂਰੀ ਸੰਕੇਤ ਦੇ ਦਿੱਤੇ ਗਏ ਹਨ।

## ਵਿਸ਼ਵਾਸ

ਇਥੋਂ ਤੱਕ ਅਸੀਂ ਕਿਥੇ ਜਾਵਾਂਗੇ? ਮੈਂ ਇਹ ਸੁਆਲ ਜਥੇਦਾਰ ਤਲਵਿੰਦਰ ਸਿੰਘ ਪਰਮਾਰ ਨੂੰ ਪੁਛਿਆ। 5000 ਲੋਕਾਂ ਦੀ ਸਮਰੱਥਾ ਵਾਲੇ ਰੌਸ ਮਾਰਗ ਗੁਰਦੁਆਰੇ ਦੇ ਪ੍ਰਧਾਨ ਸ. ਦਲਜੀਤ ਸਿੰਘ ਸੰਧੂ ਸਮੇਤ ਕਈ ਲੋਕਾਂ ਤੋਂ ਮੈਂ ਇਹੋ ਸੁਆਲ ਪੁੱਛਿਆ। ਸਾਰਿਆਂ ਨੇ ਇਕ ਹੀ ਉਤਰ ਦਿੱਤਾ "ਸ੍ਰੀ ਰਾਜੀਵ ਗਾਂਧੀ ਅਤੇ ਉਨ੍ਹਾਂ ਦੀ ਸਰਕਾਰ ਤੋਂ ਪੁਛੋਂ।" ਜਦੋਂ ਮੈਂ ਜ਼ੋਰ ਦਿਤਾ ਤਾਂ ਜਥੇਦਾਰ ਪਰਮਾਰ ਨੇ ਕਿਹਾ, "ਮੈਂ ਤੁਹਾਡੇ ਨਾਲ ਸਹਿਮਤ ਹਾਂ ਕਿ ਬੰਦੂਕ ਜਾਂ ਕਿਰਪਾਨ ਦੀ ਨੋਕ 'ਤੇ ਕੋਈ ਸਮੱਸਿਆ ਲੰਮੇ ਸਮੇਂ ਤੱਕ ਹੱਲ ਨਹੀਂ ਕੀਤੀ ਜਾ ਸਕਦੀ। ਸਾਨੂੰ ਜ਼ਰੂਰ ਕੋਈ ਹੱਲ ਲੱਭਣਾ ਚਾਹੀਦਾ ਹੈ। ਨਵੀਂ ਦਿੱਲੀ ਨੂੰ ਚਾਹੀਦਾ ਹੈ ਕਿ ਉਹ ਦਰਬਾਰ ਸਾਹਿਬ ਦੇ ਗਰੰਥੀਆਂ, ਹੋਰ ਸਿੱਖ ਆਗੂਆਂ ਅਤੇ ਉਨ੍ਹਾਂ ਲੋਕਾਂ ਨਾਲ ਗੱਲਬਾਤ ਕਰੇ ਜਿਨ੍ਹਾਂ ਨੂੰ ਕਸ਼ਟ ਪਹੁੰਚਿਆ ਹੈ। ਸ੍ਰੀ ਲੰਕਾ ਵਿਚ ਨਵੀਂ ਦਿੱਲੀ ਨੇ ਸਾਰੇ ਤਾਮਿਲ ਬਾਗੀਆਂ ਨੂੰ ਆਮ ਮੁਆਫੀ ਦਿਵਾਈ ਹੈ। ਪੰਜਾਬ ਵਿਚ ਅਜਿਹਾ ਕਿਉਂ ਨਹੀਂ ਹੋ ਸਕਦਾ ਹੈ? ਇਸੇ ਤਰ੍ਹਾਂ ਵਿਸ਼ਵਾਸ ਦੁਬਾਰਾ ਸਥਾਪਤ ਹੋ ਸਕਦਾ ਹੈ ਜ਼ਿਆਦਾਤਾਰ ਲੋਕਾਂ ਨੇ ਨਿਰਾਸ਼ਾ ਪ੍ਰਗਟ ਕਰਦੇ ਹੋਏ ਕਿਹਾ ਕਿ ਪੰਜਾਬ ਸਮੱਸਿਆ ਦਾ ਹੱਲ ਨਹੀਂ ਹੋਇਆ। ਉਨ੍ਹਾਂ ਨੇ ਕਿਹਾ, "ਸਾਨੂੰ ਜਿੰਨਾ ਲੰਮੇ ਸਮੇਂ ਲਈ ਖਿਚਿਆ ਜਾਵੇਗਾ ਸਾਡੇ ਲਈ ਇਹ ਓਨਾ ਹੀ ਭੈੜਾ ਹੋਵੇਗਾ ਬਿਨਾਂ ਸ਼ੱਕ ਸਮੱਸਿਆ ਦਾ ਹੱਲ ਭਾਰਤ ਵਿਚ ਹੀ ਲੱਭਣਾ ਜ਼ਰੂਰੀ ਹੈ। ਪਰ ਕੈਨੇਡਾ ਦੇ ਸਿੱਖਾਂ ਨੂੰ ਵੀ ਖੁਦ ਨੂੰ ਸਪਸ਼ਟ ਢੰਗ ਨਾਲ ਸਮਝਣਾ ਚਾਹੀਦਾ ਹੈ ਕਿ ਉਹ ਕੀ ਚਾਹੁੰਦੇ ਹਨ। 1981 ਵਿਚ ਉਨ੍ਹਾਂ ਨੇ ਖਾਲਿਸਤਾਨ ਦਾ ਝੰਡਾ ਲਹਿਰਾਇਆ ਸੀ ਅਤੇ ਉਨ੍ਹਾਂ ਨੇ ਟਰਾਂਟੋ, ਵਿਨੀਪੈਗ ਤੇ ਵੈਨਕੂਵਰ ਵਿਚ ਖਾਲਿਸਤਾਨ ਦੀਆਂ ਅੰਬੈਸੀਆਂ ਖੋਲ੍ਹੀਆਂ ਸਨ। ਸਦਭਾਵਨਾ ਰੱਖਣ ਵਾਲੇ ਸਾਰੇ ਲੋਕਾਂ ਨੂੰ ਇਕੱਠੇ ਹੋ ਕੇ ਖੁਦ ਨੂੰ ਸਥਾਪਤ ਕਰਨਾ ਪਵੇਗਾ। ਖੁਸ਼ਕਿਸਮਤੀ ਨੂੰ ਭਾਰਤ ਅਤੇ ਕੈਨੇਡਾ ਵਿਚ ਅਜਿਹੇ ਲੋਕਾਂ ਦੀ ਭਾਰੀ ਸੰਖਿਆ ਹੈ।

(ਧੰਨਵਾਦ ਸਹਿਤ 'ਪੰਜਾਬੀ ਟ੍ਰਿਬਿਊਨ' ਵਿਚੋਂ)

# ਬੰਬੇ ਸਵੀਟਸ ਦੇ ਸ਼ੁਕਲਾ ਪ੍ਰਵਾਰ ਲਈ ਖੁਸ਼ੀ ਦਾ ਮੌਕਾ



ਵੈਨਕੂਵਰ — ਪੰਜਾਬੀ ਮਾਰਕਿਟ ਵਿਚ ਪ੍ਰਸਿਧ ਮਠਿਆਈਆਂ ਦੀ ਦੁਕਾਨ ਅਤੇ ਰੈਸਟੋਰਾਂਟ ਦੇ ਮਾਲਕ ਨਰੇਸ਼ ਸ਼ੁਕਲਾ ਐਂਡ ਬਰਦਰਜ਼ ਦੇ ਛੋਟੇ ਭਰਾ ਅਸ਼ੋਕ ਸ਼ੁਕਲਾ ਦੇ ਗ੍ਰਹਿ ਵਿਖੇ 24 ਨਵੰਬਰ 1987 ਨੂੰ ਕਾਕੇ ਨੇ ਜਨਮ ਲਿਆ ਹੈ, ਜਿਸ ਨਾਲ ਪ੍ਰਵਾਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਸ਼ੁਕਲਾ ਭਰਾਵਾਂ ਦਾ ਆਪਸੀ ਮਿਲਵਰਤਣ ਏਨਾ ਗੂੜ੍ਹਾ ਹੋਣ ਕਾਰਨ ਹੀ ਬੰਬੇ ਸਵੀਟਸ ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ।

ਨਰੇਸ਼ ਸ਼ੁਕਲਾ ਐਂਡ ਬਰਦਰਜ਼ ਕੇਵਲ ਮਠਿਆਈਆਂ ਦੇ ਬਿਜ਼ਨਿਸ ਵਿਚ ਹੀ ਨਹੀਂ ਸਗੋਂ ਪੰਜਾਬੀ ਮਾਰਕਿਟ ਵਿਚ ਇਨ੍ਹਾਂ ਦਾ ਰੈਸਟੋਰਾਂ ਭਾਰਤੀਆਂ ਅਤੇ ਗੋਰਿਆਂ ਲਈ ਮਨਪਸੰਦ ਰੈਸਤਰਾਂ ਗਿਣਿਆ ਜਾਂਦਾ ਹੈ। ਕੁਆਲਟੀ ਦੇ ਪੱਖੋਂ ਇਸਦੀ ਸ਼ੋਭਾ ਸਾਰੇ ਵੈਨਕੂਵਰ ਵਿਚ ਹੁੰਦੀ ਹੈ।

ਇਸ ਤੋਂ ਬਿਨਾਂ ਨਰੇਸ਼ ਸ਼ੁਕਲਾ ਐਂਡ ਬਰਦਰਜ਼ ਹੋਲਸੇਲ ਦੇ ਬਿਜ਼ਨਿਸ ਵਿਚ ਵੀ ਬਹੁਤ ਅੱਗੇ ਵਧ ਰਹੇ ਹਨ ਅਤੇ ਨਾਲ ਹੀ ਡਿਸਟਰੀਬਿਊਟਰਜ਼ ਦੇ ਤੌਰ ਉਤੇ ਇਨ੍ਹਾਂ ਦਾ ਬਿਜ਼ਨਿਸ ਰਿਚਮੰਡ, ਨਿਊਵੈਸਟ, ਬਰਨਬੀ, ਸਰੀ ਤੇ ਕੁਕਿਟਲਮ ਤੱਕ ਫੈਲਿਆ ਹੋਇਆ ਹੈ।

'ਕੈਨੇਡਾ ਦਰਪਣ' ਸ਼ੁਕਲਾ ਪ੍ਰਵਾਰ ਦੀ ਇਸ ਖੁਸ਼ੀ ਵਿਚ ਸ਼ਾਮਲ ਹੈ ਤੇ ਦੁਆ ਕਰਦਾ ਹੈ ਕਿ ਬੱਚੇ ਦੀ ਉਮਰ ਬਹੁਤ ਲੰਮੀ ਹੋਵੇ।

LM KLM KLM KLM KLM KLM KLM KLM KL

■ ਸਪੈਸ਼ਲ ■ ■ ਸਪੈਸ਼ਲ ■ ■ ਸਪੈਸ਼ਲ ■

GABA TRAVELS (1982) LTD.
6612 MAIN ST., VANCOUVER, B.C. V5X 3H2
Tel. (604) 324-3336

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।
ਗੁਰੂ ਨਾਨਕ ਟਰੈਵਲ
ਨਿਊ ਸੋਢੀ ਨਗਰ, ਮੋਗਾ,
ਫੋਨ 2161, 35 32



KLM

AUTHORIZED AGENTS FOR AIR INDIA
AND NOW WE ARE AUTHORISED
K.L.M.
(ROYAL DUTCH AIRLINES)

TOLL FREE NO.
B. C. & ALBERTA
1—800 663 6696

SPECIAL FARE TO: Delhi, Karachi, Colombo, Singapore, London, Amsterdam
ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ

ASSOCIATED OFFICES IN INDIA:

GABA TRAVELS
(Opposit Friends Theatre)
JALLANDHAR CITY
TEL. 74597

GABA TRAVELS
V.P.O. NURMAHAL
JALLANDHAR
TEL. 49

GABA TRAVELS
NEW DELHI

LM KLM KLM KLM KLM KLM KLM KLM KLM

# 10 ਦਸੰਬਰ ਸਰੀ ਵਿਚ 'ਮਨੁੱਖੀ ਹੱਕਾਂ ਦਾ ਦਿਨ' ਐਲਾਨਿਆ ਗਿਆ



ਸਰੀ — ਸਰੀ ਦੇ ਨਵੇਂ ਮੇਅਰ ਬੌਬ ਬੋਸ ਨੇ ਨਸਲਵਾਦ ਵਿਰੁਧ ਬੀ. ਸੀ. ਸੰਘਰਸ਼ ਸੰਮਤੀ ਦੇ ਪ੍ਰਧਾਨ ਚਰਨਪਾਲ ਗਿੱਲ ਵਲੋਂ ਲਿਖੇ ਖਤ ਦੇ ਆਧਾਰ ਉਤੇ 10 ਦਸੰਬਰ ਦਾ ਦਿਨ ਸਰੀ ਮਿਉਂਸਪੈਲਟੀ ਵਿਚ ਮਨੁੱਖੀ ਹੱਕਾਂ ਦਾ ਦਿਨ ਐਲਾਨਿਆ ਹੈ।

7 ਦਸੰਬਰ ਨੂੰ ਮਿਉਂਸਪੈਲਟੀ ਦੇ ਅੱਠ ਸਾਲ ਤੋਂ ਚਲੇ ਆ ਰਹੇ ਮੇਅਰ ਡੌਨ ਰੌਸ ਰੀਟਾਇਰ ਹੋ ਗਏ ਹਨ ਅਤੇ ਸ਼ਾਮੀ ਸਾਢੇ ਸੱਤ ਵਜੇ ਨਵੀਂ ਕੌਂਸਲ ਅਤੇ ਨਵੇਂ ਮੇਅਰ ਬੌਬ ਬੌਸ ਨੇ ਸਹੁੰ ਚੁੱਕੀ। ਇਸ ਸਮਾਗਮ ਵਿਚ 250 ਤੋਂ ਵੱਧ ਲੋਕ ਸ਼ਾਮਲ ਸਨ।

ਮੇਅਰ ਦੀ ਕੁਰਸੀ ਸੰਭਾਲਦਿਆਂ ਬੌਬ ਬੋਸ ਨੇ ਸਭ ਤੋਂ ਪਹਿਲਾਂ ਐਲਾਨ ਮਨੁੱਖੀ ਹੱਕਾਂ ਦੇ ਦਿਨ ਨੂੰ ਮਨਾਏ ਜਾਣ ਦਾ ਕੀਤਾ।

ਇਹ ਐਲਾਨ ਮੇਅਰ ਬੌਬ ਬੋਸ ਵਲੋਂ ਪੜ੍ਹਿਆ ਗਿਆ

"ਜਿਵੇਂ ਕਿ 10 ਦਸੰਬਰ 1987 ਨੂੰ ਮਨੁੱਖੀ ਹੱਕਾਂ ਦਾ ਜੋ U.N.O. ਨੇ ਐਲਾਨ ਕੀਤਾ ਸੀ ਉਸ ਦੀ 39ਵੀਂ ਵਰ੍ਹੇ ਗੰਢ ਮਨਾਈ ਜਾਂਦੀ ਹੈ।

ਜਿਵੇਂ ਕਿ ਮਨੁੱਖੀ ਰਿਸ਼ਤਿਆਂ ਨੂੰ ਲਾਮਬੰਦ ਕਰਨ ਲਈ ਇਹ ਇਕ ਅਹਿਮ ਤੇ ਇਕ ਬਹੁਤ ਕੀਮਤੀ ਅਗਾਂਹਵਧੂ ਕਦਮ ਹੈ।

ਜਿਵੇਂ ਕਿ ਇਹ ਮਨੁੱਖੀ ਹੱਕਾਂ ਦਾ ਐਲਾਨ ਲੋਕਾਂ ਦੀ ਇਜ਼ਤ, ਸਤਿਕਾਰ ਤੇ ਬਰਾਬਰਤਾ ਦੇ ਹੱਕਾਂ 'ਤੇ ਜ਼ੋਰ ਦਿੰਦਾ ਹੈ ਅਤੇ ਆਜ਼ਾਦੀ, ਇਨਸਾਫ ਤੇ ਅਮਨ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਦਾ ਹੈ।

ਜਿਵੇਂ ਕਿ ਇਸ ਵਰ੍ਹੇ ਗੰਢ ਦੀ ਖਾਸੀਅਤ ਤੇ ਮਹੱਤਵ ਕਰਕੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸਰੀ ਮਿਉਂਸਪੈਲਟੀ ਭੀ ਇਸ ਮਨੁੱਖੀ ਹੱਕਾਂ ਦੇ ਦਿਨ ਨੂੰ ਸਨਮਾਨਤਾ ਬਖਸ਼ੇ।

ਇਸ ਲਈ ਮੈਂ, ਮੇਅਰ ਬੌਬ ਬੋਸ, ਸਰੀ ਮਿਉਂਸਪੈਲਟੀ ਵਿਚ 10 ਦਸੰਬਰ, 1987 ਦਾ ਦਿਨ 'ਮਨੁੱਖੀ ਹੱਕਾਂ ਦਾ ਦਿਨ ਘੋਸ਼ਿਤ ਕਰਦਾ ਹਾਂ

# ਬੰਬੇ ਸਵੀਟਸ 'ਤੇ ਮਾਈਕ ਹਾਰਕੋਰਟ ਅਤੇ ਮੋਅ ਸਹੋਤਾ ਦਾ ਸ਼ਾਨਦਾਰ ਸੁਆਗਤ



ਬੰਬੇ ਸਵੀਟਸ ਵੱਲੋਂ ਨਰੇਸ਼ ਸ਼ੁਕਲਾ ਮੋਅ ਸਹੋਤਾ ਨੂੰ ਫੁੱਲ ਭੇਟ ਕਰਦੇ ਹੋਏ

ਵੈਨਕੂਵਰ — ਸ਼ਨਿਚਰਵਾਰ 5 ਦਸੰਬਰ ਨੂੰ ਬੀ. ਸੀ. ਐਨ. ਡੀ. ਪੀ. ਦੇ ਲੀਡਰ ਮਾਈਕ ਹਾਰਕੋਰਟ ਅਤੇ ਇੰਡੋ-ਕੈਨੇਡੀਅਨ ਮੂਲ ਦੇ ਐਮ. ਐਲ. ਏ. ਮੋਅ ਸਹੋਤਾ ਦਾ ਨਰੇਸ਼ ਸ਼ੁਕਲਾ ਐਂਡ ਬਰਦਰਜ਼ ਵਲੋਂ ਬੰਬੇ ਸਵੀਟਸ ਅਤੇ ਰੈਸਟਰਾਂ ਵਿਚ ਸ਼ਾਨਦਾਰ ਸਵਾਗਤ ਕੀਤਾ ਗਿਆ। ਸ੍ਰੀ ਨਰੇਸ਼ ਸ਼ੁਕਲਾ ਨੇ ਮਾਈਕ ਹਾਰਕੋਰਟ ਅਤੇ ਮੋਅ ਸਹੋਤਾ ਨੂੰ ਫੁੱਲਾਂ ਦੇ ਗੁਲਦਸਤੇ, ਮਠਿਆਈਆਂ ਦੇ ਡੱਬੇ ਅਤੇ ਗਰੀਟਿੰਗਜ਼ ਭੇਟ ਕੀਤੇ। ਸਾਰਾ ਰੈਸਟਰਾਂ ਖੂਬ ਸਜਿਆ ਹੋਇਆ ਸੀ ਅਤੇ ਪੰਜਾਬੀ ਮਾਰਕਿਟ ਦੇ ਪਤਵੰਤੇ ਉਥੇ ਹਾਜ਼ਰ ਸਨ।

ਮਿ: ਹਾਰਕੋਰਟ ਅਤੇ ਮੋਅ ਸਹੋਤਾ ਨੇ ਬੰਬੇ ਸਵੀਟਸ ਦਾ ਅਤੇ ਸ੍ਰੀ ਨਰੇਸ਼ ਸ਼ੁਕਲਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬੀ ਮਾਰਕਿਟ ਵਿਚ ਆ ਕੇ ਉਨ੍ਹਾਂ ਨੂੰ ਹਮੇਸ਼ਾ ਅਪਣੱਤ ਦਾ ਅਹਿਸਾਸ ਹੁੰਦਾ ਹੈ। ਸ੍ਰੀ ਨਰੇਸ਼ ਸ਼ੁਕਲਾ ਨੇ ਦੋਵਾਂ ਲੀਡਰਾਂ ਦਾ ਬੰਬੇ ਸਵੀਟਸ ਉਤੇ ਆਉਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਨਵੇਂ ਸਾਲ ਦੇ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਦਾ ਆਉਣਾ ਸਾਡੇ ਲਈ ਸ਼ਗਨ-ਭਰਪੂਰ ਹੈ। ਮਾਈਕ ਅਤੇ ਮੋਅ ਨੇ ਉਨ੍ਹਾਂ ਦਾ ਕ੍ਰਿਸਮਸ ਗਿਫਟ ਦੇਣ ਲਈ ਸ਼ੁਕਰੀਆ ਅਦਾ ਕੀਤਾ।

ਸ੍ਰੀ ਨਰੇਸ਼ ਸ਼ੁਕਲਾ ਨੇ ਦੱਸਿਆ ਕਿ ਬੰਬੇ ਸਵੀਟਸ ਦੀ ਰਵਾਇਤ ਹੈ ਕਿ ਜਦੋਂ ਵੀ ਲੀਡਰ ਪੰਜਾਬੀ ਮਾਰਕਿਟ ਵਿਚ ਆਉਂਦੇ ਹਨ ਤਾਂ ਉਨ੍ਹਾਂ ਦਾ ਬੰਬੇ ਸਵੀਟਸ ਉਤੇ ਹਾਰਦਿਕ ਸੁਆਗਤ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਸਾਬਕਾ ਪ੍ਰੀਮੀਅਰ ਬਿਲ ਬੈਨੇਟ, ਹਾਊਸ ਆਫ਼ ਕਾਮਨਜ਼ ਦੇ ਸਪੀਕਰ ਜੌਹਨ ਫਰੇਜ਼ਰ ਤੇ ਹੋਰ ਬਹੁਤ ਸਾਰੇ ਲੀਡਰਾਂ ਦਾ ਬੰਬੇ ਸਵੀਟਸ ਵਿਚ ਸੁਆਗਤ ਕੀਤਾ ਜਾਂਦਾ ਰਿਹਾ ਹੈ।



ਰੋਗੀ (ਡਾਕਟਰ ਨੂੰ):ਨਾਲ ਵਾਲੇ ਡਾਕਟਰ ਤਾਂ ਮਲੇਰੀਆ ਦਸਿਆ ਸੀ ਤੇ ਤੁਸੀਂ ਟਾਈਫਾਈਡ ਕਹਿੰਦੇ ਹੋ।

ਡਾਕਟਰ: ਕੋਈ ਗੱਲ ਨਹੀਂ, ਪੋਸਟ ਮਾਰਟਮ ਦੀ ਰਿਪੋਰਟ ਦਸ ਦਏਗੀ ਕਿ ਕਿਹੜਾ ਡਾਕਟਰ ਸਹੀ ਹੈ।




FREE INTRODUCTION
'Slender World*
NO MEMBERSHIPS
NOW OPEN AT 6830 KING GEORGE HWY.
591-5646

ਬੀ. ਸੀ. ਵਿੱਚ ਖੁਲ੍ਹ ਗਿਆ

ਸਰੀਰ ਨੂੰ ਰਿਸ਼ਟ ਪੁਸ਼ਟ ਰੱਖਣ ਲਈ





ਜੋ ਹੋਰਾਂ ਨੇ ਆ ਕੇ ਦੇਖਿਆ ਹੈ, ਤੁਸੀਂ ਵੀ ਆ ਕੇ ਦੇਖੋ !!

ਪੂਰੀ ਵਰਜ਼ਿਸ਼ ਮਸ਼ੀਨ ਟੇਬਲਾਂ ਰਾਹੀਂ!

1 ਸੈਸ਼ਨ — ਕੇਵਲ 10 ਡਾਲਰ

ਇਸ ਕੂਪਨ ਨਾਲ ਇਕ ਸੈਸ਼ਨ ਮੁਫ਼ਤ
Surrey Slender World
14 - 6830 King George Highway,
Surrey, B.C. V3W 4Z9
ਮੁਲਾਕਾਤ ਲਈ ਫੋਨ ਕਰੋ :,
591-5646
ਇਹ ਕੂਪਨ 31 ਦਸੰਬਰ ਤੱਕ ਲਾਗੂ ਰਹੇਗਾ

NO OBLIGATION!
CHRISTMAS GIFT CERTIFICATES
NOW AVAILABLE ON ALL
SLENDER WORLD PACKAGES
YOU'RE WORTH IT!

A Lifetime of Memories

ਵਿਆਹ ਅਤੇ ਪਾਰਟੀਆਂ ਅਤੇ ਹੋਰ ਯਾਦਗਾਰੀ ਮੌਕਿਆਂ ਲਈ
ਪੋਰਟਰੇਟ ਖਾਸ ਰਿਆਇਤ ਤੇ
ਹੋਰ ਹਰ ਤਰ੍ਹਾਂ ਦੀ ਫੋਟੋਗਰਾਫੀ ਲਈ ਸਸਤੇ ਰੇਟ

Portraits by
Andrew W. Simpson
Master of Photographic Arts

Clearbrook Photographic Arts Inc.
2623 Cedar Park Place Clearbrook, B.C. V2J 3S4
Ph. 859-4222

# ਅਫਰੀਕਾ ਡਾਕਟਰਾਂ ਵਲੋਂ ਏਡਜ਼ ਦੇ ਇਲਾਜ ਲਈ ਦਵਾਈ ਵਿਕਸਤ

ਡਾਕਾਰ — ਏਡਜ਼ ਦੇ ਮਰੀਜ਼ਾਂ ਦਾ ਇਲਾਜ ਕਰਨ ਲਈ ਅਫਰੀਕਾ ਵਿਚ ਇਕ ਦਵਾਈ ਇਜਾਦ ਕਰ ਲਈ ਗਈ ਹੈ। ਏਡਜ ਦੀ ਨਾਮੁਰਾਦ ਬਿਮਾਰੀ ਦੇ ਇਲਾਜ ਨੂੰ ਲੱਭਣ ਵਿਚ ਭਾਰੀ ਸਫਲਤਾ ਮਿਲੀ ਜਦੋਂ ਜਾਇਰੇ-ਮਿਸ਼ਰ ਸਾਂਝੀ ਡਾਕਟਰੀ ਟੋਲੀ ਨੇ ਇਸ ਬਿਮਾਰੀ ਦਾ ਇਲਾਜ ਲੱਭ ਲੈਣ ਬਾਰੇ ਇਕ ਪ੍ਰੈਸ ਕਾਨਫਰੰਸ 'ਚ ਐਲਾਨ ਕੀਤਾ।

ਇਸ ਸਾਂਝੀ ਡਾਕਟਰੀ ਟੋਲੀ ਦੇ ਬੁਲਾਰੇ ਪ੍ਰੋਫੈਸਰ ਝੁਰਹੂਮਾ ਜ਼ਿਰਮਵਾਬਾਰਗੋ ਨੇ ਦੱਸਿਆ ਕਿ ਏਡਜ਼ ਦੀ ਬਿਮਾਰੀ ਦਾ ਇਲਾਜ ਕਰਨ ਲਈ ਇਕ ਦਵਾਈ ਵਿਕਸਤ ਕਰ ਲਈ ਗਈ ਹੈ। ਇਸ ਦਵਾਈ ਦਾ ਨਾਂ ਐਮ. ਐਮ. ਆਈ. ਹੈ ਅਤੇ ਇਹ ਏਡਜ਼ ਦਾ ਮੁਕੰਮਲ ਤੌਰ ਤੇ ਇਲਾਜ ਕਰ ਸਕਦੀ ਹੈ। ਏਡਜ਼ ਦੀ ਬਿਮਾਰੀ ਵਿਚ ਐਚ. ਆਈ. ਵੀ. ਵਾਇਰਸ ਜਿਸ ਕਾਰਨ ਇਹ ਬਿਮਾਰੀ ਲਗਦੀ ਹੈ, ਉਹ ਸਰੀਰ ਦੇ ਕੁਦਰਤੀ ਰੋਗ ਰੋਕੂ ਪ੍ਰਣਾਲੀ ਨੂੰ ਤਬਾਹ ਕਰ ਦਿੰਦਾ ਹੈ। ਜਿਸ ਵਿਅਕਤੀ ਨੂੰ ਇਹ ਬਿਮਾਰੀ ਲੱਗ ਜਾਂਦੀ ਹੈ ਉਸ ਦੀ ਇਹ ਪ੍ਰਣਾਲੀ ਤਬਾਹ ਹੋ ਜਾਂਦੀ ਹੈ ਜਿਸ ਕਾਰਨ ਉਸ ਵਿਚ ਹੋਰ ਰੋਗਾਂ ਦਾ ਮੁਕਾਬਲਾ ਕਰਨ ਦੀ ਸਮਰਥਾ ਨਹੀਂ ਰਹਿੰਦੀ ਤੇ ਉਸ ਦੀ ਮੌਤ ਹੋ ਜਾਂਦੀ ਹੈ।

ਕੈਸੀ ਰੁਤ ਹੈ ਹਰ ਬਿਰਛ ਪੱਤਾ ਲਗਰ ਹੈ ਖਾ ਗਈ।
ਹਾਦਸਾ ਕੈਸਾ ਹੈ ਪੁੱਤ ਮਾਂ ਦੀ ਨਜ਼ਰ ਹੈ ਖਾ ਗਈ।


**INCOME TAX** from $15
**ACCOUNTING**

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



C.S. Mangat
(Ex. Bank Manager)

MANGAT AGENCIES
No. 2-7171 King George HWY
SURREY, B.C.

594-5711 594-2254



ਪ੍ਰਿੰਸ ਰੂਪਰਟ ਵਿਚ
ਹਿੰਦੀ, ਪੰਜਾਬੀ, ਪਾਕਿਸਤਾਨੀ ਮੂਵੀਆਂ ਲਈ
**ਮੋਨੀਕਾ ਵੀਡੀਓ**
ਨੂੰ ਯਾਦ ਰੱਖੋ
ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ
ਫ਼ੋਨ ਕਰੋ : ਪਾਲ ਮੋਦਗਿੱਲ
627-1637



CALL US FIRST

IATA APPROVED OFFICE

**Express Internationl Travel (1986) Ltd.** ATAC

ਸਾਡੇ ਕੋਲ ਸਪੈਸ਼ਲ ਇੰਮੀਗਰੈਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ। ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸੰਪਰਕ ਕਰੋ। ਨਾਲ ਹੀ ਇੰਮੀਗਰੈਂਟ ਤੇ ਵਿਜ਼ਟਰ ਇੰਨਸ਼ੋਰੈਂਸ ਵੀ ਅਸੀਂ ਮੁਹੱਈਆ ਕਰਦੇ ਹਾਂ।

Approved Agent All Major Airlines

ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਦੇ ਹਰ ਕੋਨੇ ਵਿਚ
ਸਪੈਸ਼ਲ ਸਰਵਿਸ
ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

321-8777

5787 Victoria Drive, VANCOUVER, B.C. V5P 3W5



AJIT KANG



GM **WESTMINSTER**

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ
**ਗੁਰਜੀਤ ਬਾਵਾ ਢੀਂਡਸਾ**
ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।
- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

BUS. 521-7731
Pager 687-1985 #5531

WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!





ਗੁਰਜੀਤ ਢੀਂਡਸਾ ਬਾਵਾ



VANCOUVER
**Bridal International & Wedding Centre**

FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP



Contact : Sukhdev S. Saini
Ph. (604) 435-2421

Open : Mon. Wed. 10.00 a.m. to 6.00 p.m.
Thursday, Friday, Sat. 10.00 a.m. to 8.00 p.m.
Sun. 11.00 a.m. to 6.00 p.m.

- WEDDING ACCESSORIES
- WEDDING CAKES
- WEDDING INIVITATIONS
- CAKE ORNAMENTS
- CAR DECORATIONS
- WEDDING FLOWERS
- GIFTS AND ALLIED ITEMS, etc.

LADIES TAILOR FOR PUNJABI SUITS, SARI BLOUSES & DRESSES

Bride & Groom Shop
216 E. 50th Ave. [Main St.] Vancouver
324-5662



3333 KINGSWAY AT JOYCE, VANCOUVER, B.C.

# ਮਾਈਕ ਹਾਰਕੋਰਟ ਅਤੇ ਮੋਅ ਸਹੋਤਾ ਪੰਜਾਬੀ ਮਾਰਕਿਟ ਵਿਚ

ਵੈਨਕੂਵਰ — ਸ਼ਨਿਚਰਵਾਰ 5 ਦਸੰਬਰ ਨੂੰ ਬੀ. ਸੀ. ਦੀ ਐਨ. ਡੀ. ਪੀ. ਪਾਰਟੀ ਦੇ ਨੇਤਾ ਮਾਈਕ ਹਾਰਕੋਰਟ ਅਤੇ ਮੋਅ ਸਹੋਤਾ ਐਮ. ਐਲ. ਏ. ਪੰਜਾਬੀ ਮਾਰਕਿਟ ਦੇ ਦੌਰੇ ਉਤੇ ਆਏ ਤੇ ਮੋਤੀ ਮਹਿਲ ਰੈਸਟਰਾਂਟ ਵਿਚ ਪੰਜਾਬੀ ਮਾਰਕੀਟ ਵਿਚ ਵਪਾਰਕ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਵਿਚਾਰ-ਵਟਾਂਦਰਾ ਕੀਤਾ ।

ਮੋਤੀ ਮਹਿਲ ਰੈਸਟਰਾਂਟ ਵਿਚ ਪੰਜਾਬੀ ਅਖਬਾਰਾਂ ਦੇ ਪ੍ਰਤੀਨਿਧ ਵੀ ਸ਼ਾਮਲ ਸਨ । ਐਸ. ਐਂਡ. ਐਸ. ਇਨਸ਼ੁਰੈਂਸ ਦੇ ਮਾਲਕ ਦਲਜੀਤ ਸਿੰਘ ਸਿੱਧੂ ਨੇ ਹਾਜ਼ਰ ਵਿਅਕਤੀਆਂ ਦੀ ਜਾਣ ਪਛਾਣ ਦੋਵਾਂ ਨੇਤਾਵਾਂ ਨਾਲ ਕਰਾਈ । ਉਥੇ ਹਾਜ਼ਰ ਵਿਅਕਤੀਆਂ ਵਿਚ ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਦੇ ਮਾਲਕ ਸੁੱਚਾ ਸਿੰਘ ਕਲੇਰ, ਅਸ਼ੋਕਾ ਟਰੇਡਿੰਗ ਕੰਪਨੀ ਦੇ ਮਾਲਕ ਸ੍ਰੀ ਅਸ਼ੋਕ ਸ਼ਰਮਾ, ਹਿਮਾਲੀਆ ਰੈਸਟੋਰਾਂਟ ਦੇ ਮਾਲਕ ਕੇਵਲ ਸਿੰਘ ਪਾਬਲਾ, ਰਾਜ ਟਰੇਡਿੰਗ ਦੇ ਢਾਹਾਂ ਸਾਹਿਬ, ਨੋਟਰੀ ਪਬਲਿਕ ਸ੍ਰੀ ਪ੍ਰਿਤਪਾਲ ਸਿੰਘ ਨਰਵਾਲ ਵੀ ਸ਼ਾਮਲ ਸਨ ।

ਸ੍ਰੀ ਅਸ਼ੋਕ ਸ਼ਰਮਾ ਨੇ ਪੰਜਾਬੀ ਮਾਰਕਿਟ ਵਿਚ ਸਥਿਤ ਵਪਾਰਕ ਸੰਸਥਾਵਾਂ ਦੀਆਂ ਮੁਸ਼ਕਲਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਮਾਰਕਿਟ ਵਿਚ ਪ੍ਰਵਾਰਕ ਢੰਗ ਦੀਆਂ ਵਪਾਰਕ ਸੰਸਥਾਵਾਂ ਹਨ । ਉਨ੍ਹਾਂ ਸੋਸ਼ਲ ਸਰਵਿਸਜ਼ ਟੈਕਸ ਦੇ ਬੋਝ ਦਾ ਵੀ ਜ਼ਿਕਰ ਕੀਤਾ ਤੇ ਕਿਹਾ ਕਿ ਇਹ ਖਤਮ ਹੋਣਾ ਚਾਹੀਦਾ ਹੈ । ਸ੍ਰੀ ਸੁੱਚਾ ਸਿੰਘ ਕਲੇਰ ਨੇ ਦੋਵਾਂ ਨੇਤਾਵਾਂ ਦਾ ਮਾਰਕਿਟ ਵਿਚ ਆਉਣ ਲਈ ਧੰਨਵਾਦ ਕੀਤਾ । ਕੇਵਲ ਸਿੰਘ ਪਾਬਲਾ ਨੇ ਆਪਣੀਆਂ ਸਮੱਸਿਆਵਾਂ ਦਾ ਜ਼ਿਕਰ ਕੀਤਾ ।

ਚਾਹ ਪਾਣੀ ਤੋਂ ਪਿੱਛੋਂ ਦੋਵੇਂ ਲੀਡਰ ਪੰਜਾਬੀ ਮਾਰਕਿਟ ਦੀਆਂ ਹੋਰ ਵਪਾਰਕ ਸੰਸਥਾਵਾਂ ਦੇ ਮਾਲਕਾਂ ਨੂੰ ਮਿਲੇ ।



ਕੇਵਲ ਸਿੰਘ ਪਾਬਲਾ, ਮੋਅ ਸਹੋਤਾ, ਮਾਈਕ ਹਾਰਕੋਰਟ, ਦਲਜੀਤ ਸਿੰਘ ਸਿੱਧੂ, ਅਸ਼ੋਕ ਸ਼ਰਮਾ — ਦੂਜੇ ਪਾਸੇ ਸੁੱਚਾ ਸਿੰਘ ਕਲੇਰ, ਪ੍ਰਿਤਪਾਲ ਸਿੰਘ ਨਰਵਾਲ

# ਯੂ. ਏ. ਡੀ. ਵਲੋਂ ਰਾਸ਼ਟਰਪਤੀ ਨੂੰ 8 ਮੰਗਾਂ ਦਾ ਯਾਦ ਪੱਤਰ

ਨਵੀਂ ਦਿੱਲੀ — ਯੂ. ਏ. ਡੀ. ਦੇ ਸੰਸਦ ਮੈਂਬਰਾਂ ਤੇ ਵਿਧਾਇਕ ਦੇ 12 ਮੈਂਬਰੀ ਵਫਦ ਨੇ ਇਥੇ ਰਾਸ਼ਟਰਪਤੀ ਨੂੰ ਮਿਲਕੇ 8 ਨੁਕਾਤੀ ਯਾਦ ਪੱਤਰ ਦਿੱਤਾ ਜਿਸ ਰਾਹੀਂ ਮੰਗ ਕੀਤੀ ਗਈ ਕਿ ਪੰਜਾਬ ਵਿਚ ਅਤਿਵਾਦੀਆਂ ਨੂੰ ਆਮ ਮੁਆਫੀ ਦਿਤੀ ਜਾਵੇ, ਜੋਧਪੁਰ ਦੇ ਨਜ਼ਰਬੰਦ ਛੱਡੇ ਜਾਣ, ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ ਅਤੇ ਸਿਮਰਨਜੀਤ ਸਿੰਘ ਮਾਨ ਨੂੰ ਰਿਹਾ ਕੀਤਾ ਜਾਵੇ, ਭਗੌੜੇ ਫੌਜੀਆਂ ਦੀ ਕੈਦ ਮਾਫ ਕੀਤੀ ਜਾਵੇ, ਵਿਸ਼ੇਸ਼ ਅਧਿਕਾਰ ਐਕਟ ਖਤਮ ਕੀਤਾ ਜਾਵੇ ਅਤੇ ਨਵੰਬਰ 1984 ਦੇ ਦਿੱਲੀ 'ਚ ਦੰਗਿਆਂ ਦੇ ਦੋਸ਼ੀਆਂ ਨੂੰ ਸਜਾ ਦਿੱਤੀ ਜਾਵੇ ।

ਯਾਦ ਪੱਤਰ 'ਚ ਐਸ. ਜੀ. ਪੀ. ਸੀ. ਦੀਆਂ ਤਾਜਾ ਚੋਣਾਂ ਦੀ ਵੀ ਮੰਗ ਕੀਤੀ ਗਈ ਹੈ । ਇਸ ਵਫਦ ਦੀ ਅਗਵਾਈ ਅਮਰਿੰਦਰ ਸਿੰਘ ਕਰ ਰਹੇ ਸਨ । ਉਹਨਾਂ ਇਹ ਦਾਅਵਾ ਕੀਤਾ ਕਿ ਯੂ. ਏ. ਡੀ. ਨੇ ਕਦੇ ਵੀ ਅਤਿਵਾਦੀਆਂ ਦੀ ਵੱਖਵਾਦੀ ਮੰਗ ਦੀ ਹਮਾਇਤ ਨਹੀਂ ਕੀਤੀ । ਯਾਦਪੱਤਰ 'ਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਸਰਕਾਰ ਐਸ. ਜੀ. ਪੀ. ਸੀ. ਚੋਣ ਵਿਚ ਦਲ (ਲ) ਦੇ ਪ੍ਰਤੀਨਿਧ ਦੀ ਚੋਣ ਨੂੰ ਯੋਗ ਕਰਾਰ ਦੇਣ ਲਈ ਯਤਨਸ਼ੀਲ ਹੈ ।

# ਬੀ. ਸੀ. ਵਿਚ ਕਲਚਰਲ ਕਮੇਟੀ ਬਣਾਉਣ ਦਾ ਫੈਸਲਾ

ਵਿਕਟੋਰੀਆ — ਸੈਰ-ਸਪਾਟਾ ਮੰਤਰੀ ਬਿੱਲ ਰੀਡ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਸਭਿਆਚਾਰਕ ਵਿਰਸੇ ਦੀ ਸੰਭਾਲ ਲਈ ਇਕ ਸਲਾਹਕਾਰ ਕਮੇਟੀ ਨਿਯੁਕਤ ਕੀਤੀ ਜਾ ਰਹੀ ਹੈ । ਨਿਯੁਕਤੀਆਂ 2 ਫਰਵਰੀ ਤੱਕ ਕੀਤੀਆਂ ਜਾਣਗੀਆਂ ।

ਮੰਤਰੀ ਨੇ ਕਿਹਾ ਕਿ ਇਸ ਸਮੇਂ ਬੀ. ਸੀ. ਵਿਚ 60 ਕਲਚਰਲ ਕਮਿਊਨਿਟੀਆਂ ਹਨ ਜਿਨ੍ਹਾਂ ਦੀਆਂ ਸੈਂਕੜੇ ਹੀ ਜਥੇਬੰਦੀਆਂ ਕੰਮ ਕਰ ਰਹੀਆਂ ਹਨ । ਉਨ੍ਹਾਂ ਕਿਹਾ ਬਹੁ-ਭਾਸ਼ਾਈ ਤੇ ਬਹੁ-ਸਭਿਆਚਾਰਕ ਸਰਗਰਮੀਆਂ ਵਿਚ ਇਹ ਜਥੇਬੰਦੀਆਂ ਸਿੱਧੇ ਜਾਂ ਅਸਿੱਧੇ ਢੰਗ ਨਾਲ ਕੰਮ ਕਰ ਰਹੀਆਂ ਹਨ । ਮੰਤਰੀ ਨੇ ਕਿਹਾ ਕਿ ਕਲਚਰਲ ਕਮੇਟੀ ਲਈ ਉਹ ਨਾਵਾਂ ਦੀ ਮੰਗ ਕਰ ਰਹੇ ਹਨ ।

## ਰੀਵਾਲਵਰ ਸਣੇ ਕਾਬੂ

ਇਸੇ ਦੌਰਾਨ ਪੁਲਸ ਨੇ ਮਾਹਲਪੁਰ ਥਾਣੇ ਦੇ ਪਿੰਡ ਜੰਡਿਆਲਾ ਵਿਚੋਂ ਕੁਲਵਿੰਦਰ ਸਿੰਘ ਨਾਂ ਦੇ ਇਕ ਵਿਅਕਤੀ ਨੂੰ ਇਕ ਰੀਵਾਲਵਰ ਤੇ ਪੰਜ ਕਾਰਤੂਸਾਂ ਸਮੇਤ ਕਾਬੂ ਕਰ ਲਿਆ ਹੈ । ਇਹ ਜਾਣਕਾਰੀ ਦਿੰਦੇ ਇਥੇ ਪੁਲਸ ਕਪਤਾਨ ਸ੍ਰੀ ਸੁਰੇਸ਼ ਅਰੋੜਾ ਨੇ ਦੱਸਿਆ ਕਿ ਕੁਲਵਿੰਦਰ ਸਿੰਘ ਨੂੰ ਉਸੇ ਪਿੰਡ ਦੇ ਸਾਧੂ ਸਿੰਘ ਨੂੰ ਜ਼ਖਮੀ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ । ਉਹਨਾਂ ਦੱਸਿਆ ਕਿ ਤਿੰਨ ਮਹੀਨੇ ਪਹਿਲਾਂ ਕੀਤਾ ਇਹ ਅਪਰਾਧ ਨਿਜੀ ਦੁਸ਼ਮਣੀ ਦਾ ਸਿੱਟਾ ਸੀ ।

# ਦਲੀਪ ਸਿੰਘ ਦਾ ਭਰਾ ਕਾਬੂ

ਹੁਸ਼ਿਆਰਪੁਰ — ਅਤਿਵਾਦੀਆਂ ਵਲੋਂ ਨਿਯੁਕਤ ਕੇਸ ਗੜ੍ਹ ਸਾਹਿਬ ਦੇ ਕਥਿਤ ਜਥੇਦਾਰ ਬਾਬਾ ਦਲੀਪ ਸਿੰਘ ਦੇ ਭਰਾ ਜਗਜੀਤ ਸਿੰਘ ਨੂੰ ਜਲੰਧਰ ਪੁਲਸ ਨੇ 3 ਦਿਨ ਪਹਿਲਾਂ ਗ੍ਰਿਫਤਾਰ ਕਰ ਲਿਆ ਸੀ ।

ਉਸ ਨੂੰ ਇਕ ਸਥਾਨਕ ਬੈਂਕ ਵਿਚ ਲਿਜਾਇਆ ਗਿਆ ਤਾਂ ਜੋ ਕੁਝ ਦਿਨ ਪਹਿਲਾਂ ਉਸ ਵਲੋਂ ਜਮਾਂ ਕਰਾਈ 1 ਲੱਖ 20 ਹਜ਼ਾਰ ਦੀ ਰਕਮ ਕਢਵਾਈ ਜਾ ਸਕੇ । ਇਹ ਜਾਣਕਾਰੀ ਦਿੰਦੇ ਪੁਲਸ ਸੂਤਰਾਂ ਨੇ ਦੱਸਿਆ ਕਿ ਇਹ ਰਕਮ ਪੀ. ਐਨ. ਬੀ. ਲੁਧਿਆਣਾ ਵਿਚੋਂ ਲੁਟੀ 5.70 ਕਰੋੜ ਰੁਪਏ ਦੀ ਰਕਮ ਦਾ ਹਿਸਾ ਹੈ । ਦਲੀਪ ਸਿੰਘ ਵਲੋਂ ਦਿਤੀ ਜਾਣਕਾਰੀ ਦੇ ਆਧਾਰ ਤੇ ਇਕ ਹੋਰ ਵਿਅਕਤੀ ਵੀ ਗ੍ਰਿਫਤਾਰ ਕੀਤਾ ਗਿਆ ਹੈ । ਇਸ ਵਿਅਕਤੀ ਦਾ ਨਾਂ ਪੁਲਸ ਨੇ ਨਹੀਂ ਦੱਸਿਆ ।

## ਸ਼ੋਕ ਸਮਾਚਾਰ

ਗੁਰਪ੍ਰਤਾਪ ਸਿੰਘ ਰੰਧਾਵਾ ਅਤੇ ਮਨਜੀਤ ਸਿੰਘ ਰੰਧਾਵਾ ਪਰਵਾਰ ਨੂੰ ਭਾਰੀ ਸਦਮਾ । ਆਪ ਜੀ ਦੇ ਪਿਤਾ ਜੀ, ਸਰਦਾਰ ਤਿਰਲੋਚਨ ਸਿੰਘ ਠਰੂ, ਸਾਬਕਾ ਚੇਅਰਮੈਨ ਬਲਾਕ ਸੰਮਤੀ ਤਰਨਤਾਰਨ, ਜ਼ਿਲਾ ਅੰਮ੍ਰਿਤਸਰ, 54 ਸਾਲ ਦੀ ਆਯੂ ਭੋਗ ਕੇ, ਪਹਿਲੀ ਦਸੰਬਰ, ਦਿਨ ਮੰਗਲਵਾਰ ਰਾਤ ਦੇ ਸਾਢੇ ਗਿਆਰਾਂ ਵਜੇ ਦਿਲ ਦਾ ਦੌਰਾ ਪੈਣ ਕਾਰਨ ਸਦੀਵੀ ਵਿਛੋੜਾ ਦੇ ਗਏ ਹਨ ।

ਸਾਰਾ ਰੰਧਾਵਾ ਪ੍ਰਵਾਰ ਭੋਗ ਦੀ ਅਰਦਾਸ ਵਿਚ ਸ਼ਾਮਲ ਹੋਣ ਲਈ ਪੰਜਾਬ ਜਾ ਚੁੱਕੇ ਹਨ । ਸਵਰਗਵਾਸੀ ਤਿਰਲੋਚਨ ਸਿੰਘ ਠਰੂ ਵਾਲੇ 1981 ਤੋਂ 1984 ਦੇ ਦਰਮਿਆਨ ਆਪਦੇ ਪਰਵਾਰ ਨਾਲ ਕੈਨੇਡਾ ਵਿਚ ਭੀ ਰਹਿ ਚੁੱਕੇ ਹਨ ।

ਵੈਨਕੂਵਰ ਦੀ ਪੰਜਾਬੀ ਮਾਰਕਿਟ ਵਿਚ ਸੂਟ ਸਾੜ੍ਹੀਆਂ
ਵਧੀਆ ਪਰਦੇ ਬਣਾਉਣ ਲਈ ਇਕੋ ਇਕ ਭਰੋਸੇ ਯੋਗ ਸਟੋਰ




SHAN
SAREES &
DRAPERY LTD.
*Serving you since 1970*
ਸਾਡੇ ਤਜਰਬੇ ਦਾ ਲਾਭ ਉਠਾਉਣ ਲਈ
ਅੱਜ ਹੀ ਮੁਫ਼ਤ ਐਸਟੀਮੇਟ ਲਈ ਫ਼ੋਨ ਕਰੋ
ਜਾਂ ਦਰਸ਼ਨ ਦਿਓ
6543 Main St., Vancouver, B.C.
Ph. 321-1955, 321-0847

ਪੰਜਾਬੀ ਮਾਰਕਿਟ ਵਿਚ
ਮਾਨ ਸ਼ੂਅ
ਸਟੋਰ
ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ
MENS, LADIES & CHILDRENS'
SHOES AND LEATHER
LUGGAGE & ACCESSORIES
Mohinder Singh Mann
ਮੁਹਿੰਦਰ ਸਿੰਘ ਮਾਨ
321-4353
MANN SHOE STORE
6570 MAIN ST., VANCOUVER, B.C.

## ਪਾਸਪੋਰਟ ਫਾਰਮਾਂ ਦੀ ਬਲੈਕ ਸਿਖਰਾਂ ਤੇ

ਅੰਮ੍ਰਿਤਸਰ — ਪਤਾ ਲੱਗਾ ਹੈ ਕਿ ਏਥੇ ਪਾਸਪੋਰਟ ਫਾਰਮਾਂ ਦੀ ਬਲੈਕ ਨੇ ਰਿਕਾਰਡ ਤੋੜ ਦਿਤੇ ਹਨ। ਇਸ ਫਾਰਮ ਦੀ ਅਸਲੀ ਕੀਮਤ ਪੰਜ ਰੁਪੈ ਹੈ, ਜਦੋਂ ਕਿ ਇਸ ਵਕਤ ਇਹ ਫਾਰਮ ਏਥੇ 50 ਰੁਪਏ ਤੋਂ ਲੈ ਕੇ 60 ਰੁਪਏ ਤੱਕ ਵੀ ਨਹੀਂ ਲਭਦਾ। ਪਾਸਪੋਰਟ ਬਨਾਉਣ ਵਾਲੇ ਇਕ ਸ਼ਹਿਰੀ ਮੁਤਾਬਕ ਉਸਨੇ ਪਿਛਲੇ ਦਿਨ ਇਹ ਫਾਰਮ ਪੰਜਾਹ ਰੁਪਏ ਨੂੰ ਖਰੀਦਿਆ। ਇਕ ਹੋਰ ਸ਼ਹਿਰੀ ਨੇ 65 ਰੁਪਏ ਨੂੰ ਖਰੀਦਿਆ।

## ਦੰਡਵਤੇ ਵਲੋਂ ਪੇਸ਼ ਕੰਮ ਰੋਕੂ ਮਤਾ ਰੱਦ

ਨਵੀਂ ਦਿੱਲੀ — ਲੋਕ ਸਭਾ ਦੇ ਸਪੀਕਰ ਸ੍ਰੀ ਬਲਰਾਮ ਜਾਖੜ ਨੇ ਜਨਤਾ ਪਾਰਟੀ ਦੇ ਸ੍ਰੀ ਮਧੂ ਦੰਡਵਤੇ ਵਲੋਂ ਪ੍ਰਧਾਨ ਮੰਤਰੀ ਦੇ ਸੁਰੱਖਿਆ ਅਮਲੇ ਵਿਚ ਇਟਲੀ ਦੇ ਅਧਿਕਾਰੀ ਹੋਣ ਸਬੰਧੀ ਦਿਤਾ ਗਿਆ ਕੰਮ ਰੋਕੂ ਮਤਾ ਰੱਦ ਕਰ ਦਿੱਤਾ। ਸਪੀਕਰ ਨੇ ਇਹ ਰੂਲਿੰਗ ਉਸ ਸਮੇਂ ਦਿੱਤੀ ਜਦ ਜ਼ੀਰੋ ਆਵਰ ਦੌਰਾਨ ਸ੍ਰੀ ਦੰਡਵਤੇ ਨੇ ਕੁਝ ਦਿਨ ਪਹਿਲਾਂ ਦਿੱਤੇ ਗਏ ਆਪਣੇ ਇਸ ਮਤੇ ਬਾਰੇ ਜਾਣਨਾ ਚਾਹਿਆ।

## ਅਤਿਵਾਦੀ, ਮੌਤਵਾਦੀ

ਫਰੀਦਕੋਟ — ਪੰਜਾਬੀ ਦੇ ਪ੍ਰਸਿਧ ਮਾਸਿਕ ਰਸਾਲੇ 'ਪ੍ਰੀਤਲੜੀ' ਨੇ ਪਹਿਲੇ ਸਫੇ ਦੇ ਟਾਈਟਲ ਉਤੇ ਪਿਛਲੇ ਸਮੇਂ ਵਿਚ ਪੰਜਾਬ ਅੰਦਰ ਅਤਿਵਾਦੀਆਂ ਹੱਥੋਂ ਕਤਲ ਕੀਤੇ ਵਿਅਕਤੀਆਂ ਦੀਆਂ ਤਸਵੀਰਾਂ ਛਾਪ ਕੇ ਉਹਨਾਂ ਅਗੇ ਇਕ ਪਿਸਤੌਲ ਵਾਲਾ ਵਿਅਕਤੀ ਖੜਾ ਕੀਤਾ ਹੈ ਜਿਸਦੇ ਕੇਵਲ ਹੱਥ ਨੰਗੇ ਹਨ ਮੂੰਹ ਲੁਕਿਆ ਹੋਇਆ ਹੈ। ਇਸੇ ਤਰ੍ਹਾਂ 1986 ਦੇ ਕੈਲੰਡਰ ਉਤੇ ਇਕ ਪਿਸਤੌਲ ਰਖਿਆ ਹੈ। ਇਸ ਟਾਈਟਲ ਦੀ ਤਸਵੀਰ ਦੇ ਹੇਠਾਂ ਲਿਖਿਆ ਹੈ 'ਮੌਤਵਾਦੀ' ਅਤਿਵਾਦੀਆਂ ਨੂੰ ਇਹ ਢੁਕਵਾਂ ਨਾਂ ਦਿੱਤਾ ਗਿਆ ਹੈ।


■ BUYING ■ SELLING

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)
Member of Prestigious M.L.S. Medallion Club For 83-84 85-86

An Advance DRIVING SCHOOL

4677 Main St. & 30th, Vancouver, B.C. V5V 3R6

We'll help you in getting Learner's Licence

BABU BANSAL Ph. 872-7375



ਐਨ ਐਡਵਾਂਸ ਡਰਾਈਵਿੰਗ ਸਕੂਲ

4677 ਮੇਨ ਸਟਰੀਟ, ਵੈਨਕੂਵਰ, ਬੀ. ਸੀ.

ਬਾਬੂ ਬਾਂਸਲ

ਜੇ ਤੁਸੀਂ ਕਾਰ ਜਾਂ ਟੈਕਸੀ ਦਾ ਲਾਈਸੈਂਸ ਲੈਣਾ ਚਾਹੁੰਦੇ ਹੋ ਜਾਂ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਫੋਨ ਕਰੋ :

ਫ਼ੋਨ : 872-7375

FIVE RIVERS FISH 'N CHIPS

ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

ਫਰੀ ਡਲਿਵਰੀ — 20 ਡਾਲਰ ਤੋਂ ਵੱਧ ਆਰਡਰ ਨਾਲ

ਡਲਿਵਰੀ ਚਾਰਜ 1.99 (20 ਡਾਲਰ ਤੋਂ ਘੱਟ ਆਰਡਰ ਨਾਲ)

6591 Fraser St. (at 50th & Fraser) Vancouver, B.C. V5X 3T4 Ph. 327-7455

ਇੰਡੀਅਨ ਸਟਾਇਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ 'ਤੇ ਆਓ

ਮੁਰਗਾ ਮਸਾਲੇ ਵਾਲਾ
Spicy (Masala) Chicken
$4.45 lb.

ਸੀਨਾ ਮਸਾਲੇ ਵਾਲਾ ਮੁਰਗੇ ਦਾ
Only Breasts (Spicy)
$6.95 lb.

ਮਸਾਲੇ ਵਾਲੀ ਮੱਛੀ ਦੇ ਪਕੌੜੇ
Spicy (Masala) Fish
$5.95 lb.

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਇਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫੋਨ 'ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ

ਅਸੀਂ ਛੋਲੇ ਭਟੂਰੇ, ਸਪੈਸ਼ਲ ਮੱਛੀ ਵਾਲੇ ਸਮੋਸੇ ਬਣਾਉਂਦੇ ਹਾਂ, ਜੋ ਵੈਨਕੂਵਰ ਵਿਚ ਖਾਸ ਹਨ

ਭਾਰਤੀ ਮਠਿਆਈਆਂ ਵੀ ਮਿਲਦੀਆਂ ਹਨ

ਠੰਡੀ ਬੀਅਰ ਅਤੇ ਹਰ ਕਿਸਮ ਦਾ ਮੀਟ ਦਾ ਆਚਾਰ ਇਥੋਂ ਮਿਲਦਾ ਹੈ

● ਇਨਸ਼ੋਰੈਂਸ ●
- ਘਰਾਂ ਦੀ ਇਨਸ਼ੋਰੈਂਸ - ਬਹੁਤ ਹੀ ਘੱਟ ਰੇਟ
- ਲਾਈਫ ਤੇ ਸਿਕਨੈੱਸ ਇਨਸ਼ੋਰੈਂਸ
- ਵਿਜ਼ਟਰ ਇਨਸ਼ੋਰੈਂਸ
- ਬਿਜਨੈਸ ਇਨਸ਼ੋਰੈਂਸ ਤੇ ਆਟੋ

6415 MAIN ST. (at 48 Ave.)
VANCOUVER, B.C.
Off: & Res: 325-4744

ਪੀ. ਨਰਵਾਲ ਐਂਡ ਕੰ:

ਇਮੀਗਰੇਸ਼ਨ ਸਲਾਹਕਾਰ ਤੇ ਹੋਰ ਸੇਵਾਵਾਂ
- ਬੱਚੇ ਦਾ ਅਡਾਪਟ (ਗੋਦ ਲੈਣਾ)
- ਇੰਡੀਆ ਦੇ ਕਾਨੂੰਨਾਂ ਬਾਰੇ ਜਾਣਕਾਰੀ ਤੇ ਸਲਾਹ
- ਰਿਸ਼ਤੇਦਾਰ ਦੀ ਚਿੱਠੀ ਕਰਨੀ
- ਇਮੀਗਰੇਸ਼ਨ ਅਪੀਲ ਬੋਰਡ ਵਿਚ ਅਪੀਲ ਕਰਨੀ ਜਾਂ ਪੈਰਵਾਈ

ਪ੍ਰਿਤਪਾਲ ਸਿੰਘ ਨਰਵਾਲ
ਨੋਟਰੀ ਪਬਲਿਕ
ਬੀ. ਏ. (ਪੰਜਾਬ) ਐਲ. ਐਲ. ਬੀ. (ਹਰਿਆਣਾ)
ਸਾਬਕਾ ਐਡਵੋਕੇਟ ਤੇ ਓਥ ਕਮਿਸ਼ਨਰ
ਹੇਠ ਲਿਖੇ ਤਸੱਲੀਬਖਸ਼ ਕੰਮ ਕੀਤੇ ਜਾਂਦੇ ਹਨ:
- ਘਰ ਵੇਚਣ ਤੇ ਖਰੀਦਣ ਦੇ ਕਾਗਜ਼ ਤਿਆਰ ਕਰਨੇ
- ਮੌਰਗੇਜ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ
- ਲੀਜ਼ ਦੇ ਕਾਗਜ਼ ਬਣਾਉਣੇ
- ਹਲਫੀਆ ਬਿਆਨ ਲੈਣੇ
- ਪਾਸਪੋਰਟ ਜਾਂ ਫੋਟੋ ਅਟੈਸਟ ਕਰਨੀਆਂ
- ਕਮਰਸ਼ੀਅਲ ਕਨਟਰੈਕਟ ਬਣਾਉਣੇ
- ਮੁਖਤਿਆਰਨਾਮੇ ਤਿਆਰ ਕਰਨੇ
- ਵਸੀਅਤ ਆਦਿ

6415 MAIN ST. (at 48th Ave.) Or 197 E. 48th Ave.(corner of main & 48th Ave.)
Open : Monday to Friday (9 a.m. to 5.00 p.m. VANCOUVER, B.C.



ਪ੍ਰਿਤਪਾਲ ਸਿੰਘ ਨਰਵਾਲ

325-4744

ਪੰਜਾਬੀ ਮਾਰ

# ਆਲ ਇੰਡੀਆ ਫੂਡਜ਼ ਦੀ

# ALL INDIA FOODS

6634 MAIN ST., VANCOUVER, B.C.

ਹਰੀਆਂ ਸਬਜ਼ੀਆਂ ਹਰ

**Ph. (604) 324-1686**

ਅਖੰਡਪਾਠਾਂ ਤੇ ਵਿਆਹ ਸ਼ਾਦੀਆਂ ਦੀ ਗਰੌਸਰੀ ਲੈਣ ਤੇ
ਖਾਸ ਡਿਸਕਾਊਂਟ ਦਿੱਤਾ ਜਾਵੇਗਾ

ਨਵਾਬ ਚਾਹਪੱਤੀ

Nabob Tea $2.99

120's

| | | |
|---|---|---|
| ਦੁੱਧ<br>Dairyland Milk<br>$2.99 4 lit. | ਬਟਰ (ਲੂਣ ਵਾਲਾ)<br>Butter (Salted)<br>Dairyland<br>$2.38 lb. | ਫਰੀਨ ਆਟਾ<br>Farine Atta<br>$9.98 2x10 kg. |
| ਅਜੈਕਸ<br>Ajax<br>88¢ 500 gms<br>Each | ਹਰੀਆਂ ਲੈਂਚੀਆਂ<br>Green Ellachi<br>$6.99 lb. | ਲਿਬਰਟੀ ਤੇਲ<br>Liberty Oil<br>$1.98 3 lit. |
| ਵੈਜੀਟੇਬਲ ਤੇਲ<br>Vegetable Oil<br>$9.98 16 lit. | ਪਚਰੰਗਾ ਆਚਾਰ<br>Pachranga Achar<br>$1.49<br>800 gms can | ਮਸਾਲੇ ਵਾਲੇ ਡੱਬੇ<br>$9.99 |

ਕਿਟ ਵਿਚ

# ਪੰਜਵੀਂ ਐਨੀਵਰਸਰੀ ਸੇਲ

ਹਫ਼ਤੇ ਤਾਜ਼ੀਆਂ ਮਿਲਦੀਆਂ ਹਨ

# KHALSA FOODS

6635 MAIN ST., VANCOUVER, B.C.

**Ph. (604) 324-2195**

ਬਦਾਮ
Almonds
$1.98 lb.

ਐਪਲ ਜੂਸ
Blue Apple Juice
88¢

| | | |
|---|---|---|
| ਹਲਦੀ/ਮਿਰਚਾਂ<br>Haldi/Hot Pepper<br>98¢ lb each | ਬੀ. ਸੀ. ਖੰਡ<br>B.C. SUGAR<br>Special Price 10 kg. | ਪੈਸੇਫਿਕ ਦੁੱਧ<br>Pacific Evaporated Milk<br>68¢ Tin |
| ਸੇਵੀਂਆਂ Sewian<br>(ਆਂਡਿਆਂ ਤੋਂ ਬਿਨਾਂ)<br>ਧੂਫ 3/$1 each | ਮਾਂਹ ਵਧੀਆ (ਸਾਬਤ)<br>Manh Whole<br>49¢ lb. | ਚਿਕਨ ਲੈਗਜ਼<br>Chicken Legs<br># 1 Grade<br>Special Price |
| ਲੂਣ<br>Salt<br>78¢ 1 kg. | 7 ਅੱਪ/ਪੈਪਸੀ<br>7up/Pepsi<br>2/99¢<br>750 mls. Plus Deposit | ਪੰਜ ਖਾਨਿਆਂ ਵਾਲੀਆਂ ਚੌਰਸ ਖੂੰਜਿਆਂ ਵਾਲੀਆਂ ਪਲੇਟਾਂ<br>$4.99 each |


ਨਰੇਸ਼ ਸ਼ੁਕਲਾ

# BOMBAY SW

ਬੀ. ਸੀ. ਵਿਚ ਸਭ ਤੋਂ ਵੱਡੀ ਤੇ ਸਾਫ ਸੁਥਰੀ ਭਾਰਤੀ ਮਠਿਆਈਆਂ ਦ

Ladoo ਲੱਡੂ
Reg. ~~2.50~~
Now **1.75** lb.

BOMBAY SWE
NARESH SH
6556 - 60 Main St., Vancouver,

**Buy 5 lbs. Mixed Sweets - Get 2 lbs.**
**Jalebi FREE**

ਪੰਜ ਪੌਂਡ ਮਿਕਸ ਬਰਫੀ ਖ੍ਰੀਦੋ ਤਾਂ ਦੋ ਪੌਂਡ ਜਲੇਬੀਆਂ ਫਰੀ

## Bombay Sweets Manufacturer Inc.
6556 - 6560 Main St., VANCOUVER, B.C.

**Frine Atta**
ਫਰੀਨ ਆਟਾ
**9.98**
2x10 kg.

# SHOP

47th. & Fraser

## Nabob Tea




ਨਬਾਬ ਚਾਹ ਪੱਤੀ

120 Packet **2.98**

| | |
|---|---|
| Liberty Oil<br>ਲਿਬਰਟੀ ਤੇਲ<br>10.48<br>16 lit. | Blue<br>Apple Juic<br>ਐਪਲ ਜੂਸ<br>88¢ 1 |
| Chick Peas<br>ਕਾਬਲੀ ਛੋਲੇ<br>58¢ | Red Kidney<br>Beans<br>ਲਾਲ ਕਿਡਨੀ ਬੀਨ<br>78¢ |

SALE IN RETAIL OUT ONLY M

# EETS MANUFACTURER INC.

ਦੁਕਾਨ: ਬੰਬੇ ਸਵੀਟਸ ਮੈਨੂਫੈਕਚਰਰ ਇਨਕ

ETS MFG. INC.
KLA & BROS.
.C. Tel. 321-1414 or 874-5722

Jalebi ਜਲੇਬੀਆਂ
Reg. ~~2.50~~
Now 1.49 lb.

Mix Namkeen ਮਿਕਸ ਨਮਕੀਨ
Reg. $~~4.00~~ Now 1.99

TOLL FREE PHONE 1-800-663-1070
Ph. (604) 321-1414 Or 874-5722
Contact: Naresh Shukla & Bros.

# EASY

t., Vancouver, B.C.

Almonds ਬਦਾਮ 1.79 lb.

| Roger's Maida ਮੈਦਾ | Tang Juice ਟੈਂਗ ਜੂਸ | Pacific Milk ਪੈਸੀਫਿਕ ਦੁੱਧ | Ajax ਏਜੈਕਸ |
|---|---|---|---|
| 4.88 10 kg. | 88¢ 3/92 gm. | 69¢ 385 ml. | 88¢ 500 gm. |
| **Black Chana** ਕਾਲੇ ਛੋਲੇ | **Chana Flour** ਛੋਲਿਆਂ ਦਾ ਆਟਾ | **Moongi** ਮੂੰਗੀ | **Chana Dal** ਛੋਲਿਆਂ ਦੀ ਦਾਲ |
| 58¢ | 2.48 2kg. | 38¢ lb. | 48¢ lb. |

AGEMENT RESERVED THE RIGHT TO LIMT QUANTITIES

Open Seven Days a Week

# The Manitoba Mirror

# ਮੈਨੀਟੋਬਾ ਦਰਪਣ


## V.I.P. SUPERMARKET

**Ph. 774-8671**

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ੍ਰੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ੍ਰੀਦੋ

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

**V.I.P. SUPERMARKET**
739, Elice Ave. WINNIPEG, MAN.

## AMAN REALTY

1223 MARICHAM ROAD, WINNIPEG, MAN. R3T 4B1

MLS

ਹਰ ਤਰ੍ਹਾਂ ਦੀ ਜਾਂਇਦਾਦ ਜਿਵੇਂ : ਮਕਾਨ, ਅਪਾਰਟਮੈਂਟ ਬਲਾਕ, ਕੋਈ ਭੀ ਬਿਜਨਿਸ, ਕਮਰਸ਼ਲ ਪ੍ਰਾਪਰਟੀ, ਜ਼ਮੀਨ, ਹੋਟਲ ਜਾਂ ਮੋਟਲ

- ਖ੍ਰੀਦਣੀ ਜਾਂ ਵੇਚਣੀ ਹੋਵੇ
- ਮਾਰਗੇਜ਼ ਦਾ ਪ੍ਰਬੰਧ ਕਰਨਾ ਹੋਵੇ
- ਕੋਈ ਸਲਾਹ ਮਸ਼ਵਰਾ ਲੈਣਾ ਹੋਵੇ

ਤਾਂ ਸਾਡੇ 9 ਸਾਲਾਂ ਦੇ ਤਜਰਬੇ ਦਾ ਫਾਇਦਾ ਉਠਾਓ

ਨੋਟ : ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ

**CALL : Bus. 269-4411, Res. 261-7598, Pager 942-0141 Code 5697**

Member : WPG Real Estate Board, Manitoba Real Estate Assoc. Canadian Real Estate Association



BALDEV S. BEDI M.A. B.A. (Hons.)
BROKER AND COMMISSIONER FOR OATHS
in and for the Province of Manitoba

## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ੍ਰੀਦਣ ਲਈ



Sukhjinder S. Dhillon
Res: 669-2573

ਰਾਜ ਸਿੰਘ ਮਾਨ

ਜਾਂ

ਸੁਖਜਿੰਦਰ ਸਿੰਘ ਢਿੱਲੋਂ

ਨੂੰ ਮਿਲੋ

● ਲਾਈਫ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇੰਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



Raj Singh Maan Sales Manager
Res. 694-0731
Commissioner for oaths



# ਸਾਹਿਤ ਤੇ ਕਲਾ



## ਕਹਾਣੀ

# ਤੇਰੇ ਤੁਰ ਜਾਣ ਦੇ ਬਾਅਦ

**ਹਰਭਜਨ ਹਾਂਸ**

ਪਹੁ ਫੁੱਟੀ। ਚੁਗਿਰਦੇ ਵਿਚ ਫੈਲਰੇ ਅੰਧੇਰੇ ਦੀ ਕਾਲਖ ਚਾਂਦੀ ਰੰਗੇ ਚਾਨਣ 'ਚ ਬਦਲ ਗਈ। ਪਿੰਡ ਤੋਂ ਬਾਹਰ-ਵਾਰ ਵਾਲੇ ਟਿੱਲੇ ਦੇ ਬਾਵੇ ਦੀ ਸੰਖ ਪੂਰਨ ਦੀ ਬਰੀਕ ਲੈਅ ਵਾਯੂਮੰਡਲ 'ਚ ਫੈਲਣ ਲੱਗੀ। ਗੁਰਦੁਆਰੇ ਦੇ ਭਾਈ ਜੀ ਦੀ ਆਵਾਜ਼ ਲਾਊਡ-ਸਪੀਕਰ ਕਾਰਨ ਆਲੇ-ਦੁਆਲੇ ਦੀ ਚੁੱਪ ਦੀ ਸਿਥਲਤਾ ਨੂੰ ਤੋੜਨ 'ਚ ਪੂਰੀ ਟਿੱਲ ਲਾ ਰਹੀ ਸੀ। ਕਿਧਰੇ-ਕਿਧਰੇ ਕੋਈ ਕੁੱਤਾ ਭੌਂਕ ਰਿਹਾ ਸੀ। ਦਰਖਤਾਂ ਉੱਪਰ ਬਸੇਰਾ ਕਰੀ ਪੰਛੀ ਵੀ ਆਪਣੇ ਆਲ੍ਹਣਿਆਂ ਚੋਂ ਨਿਕਲ ਕਦੇ-ਕਦੇ ਮਿੱਠੀਆਂ ਸੁਰਾਂ ਛੇੜਦੇ — ਸ਼ਾਇਦ ਕੁਦਰਤ ਦੇ ਬਲਿਹਾਰੇ ਜਾਣ ਦੀ ਤਾਂਘ 'ਚ।

ਭਿੰਦੇ ਦੇ ਵਾੜੇ ਦਾ ਰਖਵਾਲਾ ਕਾਲੂ, ਜਿਹੜਾ ਕੱਤੇ ਦੇ ਮੁਹਰਲੇ ਪੱਖ ਦੀ ਨਿੰਮੀ-ਨਿੰਮੀ ਠੰਡ ਕਾਰਨ ਘੋਰਨੇ 'ਚ ਸੁਕੜਿਆ ਬੈਠਾ ਸੀ, ਉਠਿਆ ਆਸਾ-ਪਾਸਾ ਦੇਖ ਹੌਲੀ ਜਿਹੀ ਆਵਾਜ਼ 'ਚ ਭੌਂਕਿਆ — ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਉਣ ਲਈ।

ਨਿੱਕੇ-ਨਿੱਕੇ, ਰੂੰ ਦੇ ਗੋਹੜਿਆਂ ਵਰਗੇ ਚਿੱਟੇ, ਖੂਬਸੂਰਤ ਲੇਲ੍ਹੇ, ਜਿਹੜੇ ਆਪਣੀਆਂ ਮਾਵਾਂ ਦੀਆਂ ਬੁੱਕਲਾਂ 'ਚ ਨਿੱਘ ਮਾਣ ਰਹੇ ਸਨ, ਦੁੱਧ ਪੀਣ ਲਈ ਬਿਹਬਲ ਹੋ ਉਠੇ। ਚਰਾਂਦਾ ਦੇ ਸੈਂਕੜੇ ਮੀਲ ਆਪਣੇ ਨਿਕੇ-ਨਿਕੇ ਪੌੜਾਂ ਹੇਠ ਕੱਢਣ ਵਾਲੀਆਂ ਉਨ੍ਹਾਂ ਦੀਆਂ ਮਾਵਾਂ ਅਜੇ ਕੁਝ ਅਰਾਮ ਦੀ ਤਲਬ 'ਚ ਹੋਣ ਕਾਰਨ ਆਪਣੇ ਬੱਚਿਆਂ ਦੀਆਂ ਢੁੱਡਾਂ ਤੋਂ ਬੇਪ੍ਰਵਾਹ ਨਿੱਸਲ ਹੋਈਆਂ ਪਈਆਂ ਸਨ।

ਢਿਲਕੀ ਮੰਜੀ ਤੋਂ ਭਿੰਦੇ ਦਾ ਵਜੂਦ ਹਿਲਿਆ। ਖੇਰੂੰ-ਖੇਰੂੰ ਹੋਏ ਆਪਣੇ ਹੱਡਾਂ ਨੂੰ ਸਮੇਟਦਾ ਉਹ ਲੰਬੇ ਸਮੇਂ ਤੋਂ ਅਣਵਾਹੀਆਂ ਲਟੂਰੀਆਂ ਨੂੰ ਸਿਧਾ-ਪੁਠਾ ਕਰਦਾ ਆਪਣੇ ਸੀਰੀ ਘੁੱਦੇ ਵੱਲ ਝਾਕਕੇ ਮੁਸਕ੍ਰਾਇਆ। ਪਾਲੇ ਦੀ ਮਾਰ ਤੋਂ ਬਚਦਾ ਘੁਦਾ ਪੇਟ 'ਚ ਲੱਤਾਂ ਦੇਈ 'ਬਾਂਦਰੀ ਦਾ ਬੱਚਾ' ਲੱਗ ਰਿਹਾ ਸੀ। ਮੁਸਕ੍ਰਾਂਦਾ-ਮੁਸਕ੍ਰਾਂਦਾ ਉਹ ਘੂਰੀ ਵੱਟ ਕੇ ਚੁਪ ਕਰ ਗਿਆ, ਜਿਵੇਂ ਆਪਣੇ ਫਟੇਹਾਲ ਨੂੰ ਦੇਖ ਉਹ ਸ਼ਰਮਾ ਗਿਆ ਹੋਵੇ।

"ਉਠ ਓਏ ਘੁਦੇ ... ਦੇਖ, ਗੋਡੇ-ਗੋਡੇ ਦਿਨ ਚੜ੍ਹ ਆਇਆ ... ਸਹੁਰਿਆ, ਰੱਬ ਦੇ ਦੋ ਬੋਲ ਕੰਨੀਂ ਪਾ ਲਾ ... ਆਹ ਜਨਮ ਦਾ ਤਾਂ ਸਰ ਗਿਆ, ਅਗਲਾ ਤਾਂ ਸੁਧਰੇ !" ਘੁਦੇ ਦੇ ਰੰਗ ਵਰਗੀ ਖਸਤਾ ਜਿਹੀ ਪਤੀਲੀ 'ਚ ਇੱਟਾਂ ਜੋੜ ਕੇ ਬਣਾਏ ਚੁਲ੍ਹੇ ਤੇ ਚਾਹ ਦਾ ਪਾਣੀ ਧਰਦਿਆਂ ਭਿੰਦੇ ਨੇ ਕਿਹਾ।

"ਚਾਚਾ, 'ਰਾਮ ਕਰ ਲੈਣਦੇ ... ਰੱਬ ਦਾ ਨਾਂ ਲੈਣ ਤੇ ਜੇ ਜਨਮ ਸੁਧਦਰੇ ਹੁੰਦੇ ਤਾਂ ਕੀ ਕਹਿਣੇ ... ਆਹ ਭਾਈ ਜੀ, ਜਿਹੜਾ ਚੌਵੀ ਘੰਟੇ ਸੰਘ ਪਾੜਦਾ ਰਹਿੰਦਾ ... ਇਹਦਾ ਤਾਂ ਕੁਛ ਸੁਧਰਿਆ ਨੀ ..... ਚਾਹ-ਰੋਟੀ ਦੀ ਖਾਤਰ ਤਾਂ ਵਿਚਾਰਾ ਦਰ-ਦਰ ਅਲੀ-ਅਲੀ ਕਰਦਾ ਫਿਰਦਾ ... ਇਹਦੇ ਨਾਲੋਂ ਸੌ ਦਰਜੇ ਚੰਗੇ ਆਂ, ਕਰਕੇ ਤਾਂ ਖਾਨੇ ਆਂ !" ਘੁੱਦਾ ਆਪਣੇ ਉਪਰ ਲਏ ਥਾਂ-ਥਾਂ ਤੋਂ ਪਾਟੇ ਖੇਸ ਵਿਚ ਹੋਰ ਵੀ ਗੰਢੜੀ ਵਾਂਗ 'ਕੱਠਾ ਹੋ ਗਿਆ।

"ਲੁਤਰੋ ਦੇਖ ਲਫੈਂਡੀ ਦੀ ਕਿਮੇਂ ਚਬਰ-ਚਬਰ ਚਲਦੀ ਆ। ਚਲ ਉਠ, ਦੇਹ ਮੰਜੀ ਨੂੰ ਛੁਟੀ ... ਆ ਕੇ ਫੜ ਬੱਕਰੀ ਦੀਆਂ ਲੱਤਾਂ, ਚੋਈਏ ਦੋ ਧਾਰਾਂ ... ਅਹੁ ਦੇਖ ਚਾਹ ਕਿਮੇਂ ਉਬਲ-ਉਬਲ ਪਤੀਲੀ ਦੇ ਕੰਢੇ ਸਾੜੀ ਜਾਂਦੀ ਆ !"

"ਚਾਚਾ, ਜੇ ਕਿਤੇ ਰੱਬ ਦੁੱਧ ਨਾ ਬਣਾਉਂਦਾ, ਪਤੀਲੀਆਂ ਦੇ ਤਾਂ ਕੰਢੇ ਈ ਭੁਰੇ ਰਿਹਾ ਕਰਨੇ ਸੀ", ਬਿਸਤਰਿਓਂ ਉਠ ਬੱਕਰੀ ਨੂੰ ਸ਼ਿਸ਼ਕਾਰ ਲੱਤਾਂ ਫੜ੍ਹ ਕੇ ਬੈਠ ਗਿਆ, "ਚਾਚਾ, ਆਹ ਬੱਕਰੀ ਤੇ ਮੇਰੀ ਜੂਨ ਇਕੋ ਜਿਹੀ ਆ .... ਜਦੋਂ ਜੀਆ ਕਰਦਾ, ਟੰਗਾਂ ਫੜ੍ਹ ਕੇ ਏਹਨੂੰ ਚੋਅ ਲੈਨਾ, ਤੇ ਜਦੋਂ ਜੀਅ ਕਰਦਾ, ਧੌਣ ਤੇ ਗੋਡਾ ਰਖਕੇ ਮੈਨੂੰ ਜਗਾ ਲੈਨਾ !"

"ਹੋ ਸਾਲਾ ਗੀਠਾ ਜਿਹਾ ... ਕਦੇ ਮੂੰਹ ਵੀ ਬੰਦ ਕਰ ਲਿਆ ਕਰ ... ਆਹ ਆਬਦੇ ਲਗਦੇ ਨੂੰ ਧੋਹ ਵੀ ਲਿਆ ਕਰ, ਰਾਲਾਂ ਨੇ ਦੇਖ ਕਿਵੇਂ ਬੁਥਾੜੇ ਤੇ ਹਿੰਦੁਸਤਾਨ ਦਾ ਨਕਸ਼ਾ ਵਾਹਿਆ।"

"ਚਾਚਾ, ਸਾਡੇ ਬੁਥਾੜੇ ਨੂੰ ਕਿਹੜਾ ਕਿਸੇ ਲਾਲ-ਸੂਟ ਆਲ੍ਹੀ ਨੇ ਦੇਖ-ਦੇਖ ਜਿਉਣਾ ... ਮੂੰਹ ਧੋਵੇਂ ਮੇਰਾ ਭਿੰਦਾ ਚਾਚਾ, ਜੀਹਨੂੰ ਅੱਜ ਹਵੇਲੀ ਆਲਿਆਂ ਦੀ ਪ੍ਰੀਤੀ ਨੇ ਮਿਲਣ ਆਉਣਾ !"

ਘੁਦਾ ਬੱਕਰੀ ਦੀਆਂ ਲੱਤਾਂ ਛੱਡ ਇਕ ਪਾਸੇ ਭੱਜ ਤੁਰਿਆ। ਉਹਨੂੰ ਉਮੀਦ ਸੀ ਕਿ ਭਿੰਦਾ ਹੁਣ 'ਠਹਿਰ ਝੜੰਮੇ, ਤੇਰੀ ਦਿੱਤਾ .... !' ਕਹਿ ਉਹਨੂੰ ਪਿੱਠ-ਪਰਨੇ ਢਾਹੂਗਾ, ਪਰ ਕਿਆਸਿਆਂ ਦੇ ਉਲਟ ਘੁਦੇ ਨੇ ਦੇਖਿਆ ਕਿ ਭਿੰਦਾ ਚੁਪ ਚਾਪ ਉਥੇ ਹੀ ਢਹਿ-ਢੇਰੀ ਹੋਇਆ ਬੈਠਾ ਸੀ — ਕਿਸੇ ਸਿਲ੍ਹ-ਪੱਥਰ ਵਾਂਗ ! ਚੋਇਆ ਦੁਧ ਬੱਕਰੀ ਨੇ ਲੱਤ ਮਾਰਕੇ ਡੁਲ੍ਹਾ ਦਿੱਤਾ ਸੀ।

"ਚਾਚਾ, ਮਾਫ਼ੀ ਦਈਂ, ਗਲਤੀ ਹੋਗੀ ...ਮੁੜ ਨੀ ਕਹਿੰਦਾ !" ਘੁਦਾ ਮਸੋਸਿਆ ਜਿਹਾ ਮੂੰਹ ਬਣਾ ਕੇ ਭਿੰਦੇ ਸਨਮੁਖ ਭਿੱਜੀ ਬਿੱਲੀ ਵਾਂਗ ਇਕੱਠਾ ਹੋਇਆ ਖੜ੍ਹਾ ਸੀ।

"ਮੁਆਫ਼ੀ ਨੂੰ ਕੀ ਆ ... ਮੇਰਾ ਚਿੱਤ ਰਾਜੀ ਨੀ, ਮੈਂ ਚਾਹ ਨਹੀਂ ਪੀਣੀ ਘੁਦੇ ... ਭੇਡਾਂ ਨੂੰ ਵੀ ਅੱਜ ਤੂੰ ਈ ਫਿਰਾ ਲਿਆ, ਚਾਹੇ ਤਾਂ ਆਬਦੇ ਛੋਟੇ ਭਰਾ ਤਾਰੀ ਨੂੰ ਲੈਜੀਂ !" ਘੁਦੇ ਨੂੰ ਲੱਗਿਆ, ਜਿਵੇਂ ਹੁਣੇ-ਹੁਣੇ ਚੰਗਾ ਭਲਾ ਭਿੰਦਾ ਵਰ੍ਹਿਆਂ ਤੋਂ ਬਿਮਾਰ ਹੋਵੇ।" ਚੰਗਾ ਘੁਦੇ, ਮੈਂ ਤਾਂ ਘਰ ਨੂੰ ਜਾਨਾਂ !" ਉਬਲਦੀ ਚਾਹ ਪਤੀਲੀ ਦੇ ਕੰਢੇ ਅਜੇ ਵੀ ਓਵੇਂ ਸਾੜ ਰਹੀ ਸੀ।

ਭੇਡਾਂ ਦੇ ਵਾੜੇ ਤੋਂ ਭਿੰਦੇ ਦਾ ਘਰ ਬਹੁਤੀ ਦੂਰ ਨਹੀਂ ਸੀ, ਪਰ ਪਤਾ ਨਹੀਂ ਕਿਉਂ ਅੱਜ ਉਹ ਉਸ ਰਾਹ ਵਲ੍ਹ ਪਾ ਕੇ ਆਪਣੇ ਸਫ਼ਰ ਨੂੰ ਲੰਮੇਰਾ ਕਰ ਰਿਹਾ ਸੀ, ਜਿਹੜਾ ਰਾਹ ਛੋਟੀਆਂ ਇੱਟਾਂ ਦੀ ਬਣੀ 'ਹਵੇਲੀ' ਨੂੰ ਜਾਂਦਾ ਸੀ ਨਿਕੇ-ਨਿਕੇ ਨਿਆਣਿਆਂ ਨੂੰ ਲੰਬੇ-ਲੰਬੇ ਝੋਲਿਆਂ ਨਾਲ ਡਿੱਕ-ਡੋਲੇ ਖਾਂਦੇ ਸਕੂਲ ਵਲ ਤੁਰੇ ਜਾ ਰਹੇ ਵੇਖ ਉਹਦਾ ਹਾਸਾ ਨਿਕਲ ਗਿਆ।

ਉਹ ਵੀ ਸਕੂਲ ਜਾਂਦਾ ਹੁੰਦਾ ਸੀ ਕਦੇ ! ਮਾਪਿਆਂ ਦੀ ਇਕੱਲੀ ਉਲਾਦ ਸੀ ਉਹ। ਉਹਦੀ ਮਾਂ ਉਹਨੂੰ ਸਕੂਲ ਬਣਾ-ਸੁਆਰਕੇ ਤੋਰਦੀ। ਸਕੂਲ 'ਚ ਪਹਿਲੋਂ-ਪਹਿਲ ਚੰਗੇ ਅੱਖਰ ਉਠਾ ਲੈਂਦਾ ਸੀ, ਪਰ ਜਿਉਂ-ਜਿਉਂ ਉਹ ਜਮਾਤਾਂ ਪਖੋਂ ਉਤਾਂਹ ਨੂੰ ਹੁੰਦਾ ਗਿਆ, ਉਹਦਾ ਦਿਮਾਗੀ ਸਤਰ ਥੱਲੇ ਨੂੰ ਤੁਰਦਾ ਗਿਆ। ਕੁਛ ਜਮਾਤਾਂ ਤਾਂ ਸਰਕਾਰ ਦੇ 'ਜ਼ਰੂਰੀ ਵਿਦਿਆ' ਅਧੀਨ ਉਹਨੇ ਮੱਲੋ-ਮੱਲੀ ਕਰ ਲਈਆਂ, ਪਰ ਅਗਾਂਹ ਐਸੀ ਖੋਭ 'ਚ ਖੁਭਿਆ ਕਿ ਇਕ ਜਮਾਤ 'ਚ ਤਿੰਨ ਸਾਲ ਲਾ ਕੇ ਵੀ ਉਸਨੂੰ "ਪਾਸ ਕਾਰਡ" ਨਸੀਬ ਨਾ ਹੋਇਆ। ਮਾਂ ਬਥੇਰੀ ਕੁਰਲਾਈ, ਪਰ ਪਿਓ ਦੀ ਇਕੋ ਰਟ — 'ਪੜ੍ਹਕੇ ਏਨੇ ਕੀ ਪਟਵਾਰੀ ਲੱਗਣਾ ... ਜੱਟਾਂ ਦਾ ਮੁੰਡਾ, ਮੁੰਨੇ ਦੀ ਹੱਥੀ ਓਈ ਫੜ੍ਹਣੀ ਆ, ਫੇਰ ਪੜ੍ਹੇ - ਅਨਪੜ੍ਹੇ 'ਚ ਕੀ ਫਰਕ ... ਨਾਲੇ ਹੁਣ ਚਿੱਠੀ 'ਠਾ ਲੈਂਦਾ, ਹੋਰ ਦਸ ਏਹਨੂੰ ਕੀ ਮੁਨੀਮ ਬਣਾਉਣਾ।

ਪਿਉ ਦੀ ਹੱਲਾ-ਸ਼ੇਰੀ ਤੇ ਮਾਂ ਦੀ ਖੁਰਾਕ ਕਾਰਨ ਖੁਲ੍ਹੇ ਹੱਡਾਂ ਵਾਲਾ ਭਿੰਦਾ ਦਿਨਾਂ 'ਚ ਜੁਆਨ ਹੋ ਗਿਆ। ਕਬੱਡੀ ਦੀ ਖੇਡ 'ਚ ਕੋਈ ਉਹਦਾ ਸਾਨੀ ਨਹੀਂ ਸੀ। ਆਲੇ-ਦੁਆਲੇ ਦੇ ਇਲਾਕੇ 'ਚ ਉਹਦਾ ਅੰਨ੍ਹਾ-ਜੱਫਾ ਜਾਣੀ-ਪਹਿਚਾਣੀ ਚੀਜ਼ ਸੀ। ਖੇਡ 'ਚ ਜਿਹੜੇ ਵਿਰੋਧੀ ਨੂੰ ਉਹਨੇ ਇਕ ਵਾਰ ਫੜ ਲਿਆ ਸੀ, ਲੱਖ ਕੋਸ਼ਿਸ਼ਾਂ ਦੇ ਬਾਵਜੂਦ ਮੁੜ ਆਪਣੇ ਪਾੜੇ 'ਚ ਕਬੱਡੀ-ਕਬੱਡੀ ਕਰਦਾ ਨਹੀਂ ਸੀ ਬਹੁੜਿਆ।

ਤੇ ਉਹਨੀਂ ਦਿਨੀਂ ਜਦੋਂ ਉਹ ਜਵਾਨ ਸੀ, ਜਵਾਨੀ ਕਈ ਰੂਪਾਂ 'ਚ ਦਿਖਮਾਨ ਹੋਈ। ਜਵਾਨੀ ਨੇ ਜਵਾਨੀ ਦਾ ਸਾਥ ਮੰਗਿਆ। ਬਿੱਲੀਆਂ ਅਖਾਂ ਵਾਲੀ ਹਵੇਲੀ ਵਾਲਿਆਂ ਦੀ ਪ੍ਰੀਤੀ ਜਿਵੇਂ ਉਹਨੂੰ ਸੱਪਣੀ ਬਣ ਕੇ ਲੜ ਗਈ ਸੀ। ਪ੍ਰੀਤ ਪਕੇਰੀ ਹੁੰਦੀ ਗਈ। ਚੋਰੀ ਛੁਪੇ ਦੋਵੇਂ ਮਿਲਦੇ, ਕੋਰੇ ਕਾਗਜ਼ਾਂ ਦੀ ਹਿੱਕ ਤੇ ਪਿਨਸਲ ਨਾਲ ਮੋਏ-ਮੋਏ ਹਰਫਾਂ 'ਚ ਸੁਨੇਹੇ ਭੇਜਦੇ। ਦਾਸਤਾਨ ਲੱਖ ਛੁਪਾਈ ਵੀ, ਪਰ ਨਾ ਛੁਪੀ। ਲੋਕ ਗੱਲਾਂ ਕਰਦੇ — ਜੋ ਦੇਖਿਆ, ਉਹ ਬਿਆਨਦੇ, ਜੋ ਨਾ ਦੇਖਿਆ - ਉਹ ਕਿਆਸਦੇ।

"ਤਾਤਾ ! .... ਮੇਲਾ ਲ੍ਹੇਲਾ ਤਾਂ ਦੇਦੇ ਤੂੰ !" ਕਿਸੇ ਬਾਲ ਦੀ ਆਵਾਜ਼ ਨੇ ਉਹਦੀ ਬਿਰਤੀ ਤੋੜੀ।

"ਕੱਲ੍ਹ ਨੂੰ ਆਬਦੀ ਮਾਂ ਨੂੰ ਵਾੜੇ 'ਚ ਭੇਜਦੀਂ ... ਆ ਕੇ ਲੇਲ੍ਹਾ ਲੈਜੂ ਉਹ ਮੁਸਕੜੀਏ ਹੱਸਦਾ।

"ਤੰਗਾ ... ਮੈਂ ਭੇਦੂੰਗਾ ਮੰਮੀ ਨੂੰ !" ਖੁਸ਼ੀ ਦਾ ਮਾਰਿਆ ਦੁੜੰਗੇ ਮਾਰਦਾ ਜੁਆਕ ਸਕੂਲ ਵਲ ਭੱਜ ਉਠਿਆ।

ਕਈਆਂ ਦਿਨਾਂ ਤੋਂ ਪਿੰਡ 'ਚ ਉਠਦੀ ਕਨਸੋਅ ਉਹਦੇ ਕੰਨੀ ਪਈ ਸੀ।

'ਹਵੇਲੀ ਵਾਲਿਆਂ ਦੀ ਪ੍ਰੀਤੀ ਦਸ ਸਾਲ ਬਾਅਦ ਵਲੈਤੋਂ ਪਰਤੀ ਆ !"

'ਕਹਿੰਦੇ ਆ ਜਿਹੋ-ਜਿਹੀ ਗਈ ਸੀ, ਓਹਜੀ ਆ ... ਖਰਬੂਜਿਆਂ ਵਰਗੇ ਦੋ ਜੁਆਕ ਭੁਰ-ਭੁਰ ਅੰਗਰੇਜ਼ੀ ਬੋਲਦੇ ਆ !'

'ਘਰ ਆਲਾ ਵੀ ਜਿਵੇਂ ਫੌਜ ਦਾ ਲਫਟੈਣ ਆ ... ਲੰਬਾ ਲੰਝਾ, ਗੋਰਾ-ਚਿੱਟਾ।'

ਭਿੰਦੇ ਦੇ ਦਿਲ ਨੂੰ ਕੁਛ-ਕੁਛ ਹੋਇਆ ਸੀ — ਇਹ 'ਕੁਛ-ਕੁਛ' ਅਹਿਸਾਸ ਸੀ, ਗਮੀਂ ਦਾ ਜਾਂ ਖੁਸ਼ੀ ਦਾ — ਹਜ਼ਾਰ ਕੋਸ਼ਿਸ਼ਾਂ ਦੇ ਬਾਵਜੂਦ ਭਿੰਦਾ ਫੈਸਲਾ ਨਹੀਂ ਸੀ ਕਰ ਸਕਿਆ। ਵਰ੍ਹਿਆਂ ਪਹਿਲੇ ਜਦ ਉਹ ਪ੍ਰੀਤੀ ਨੂੰ ਆਖਰੀ ਵਾਰ ਮਿਲਿਆ ਸੀ, ਤਾਂ ਉਹਦਾ ਜੀਅ ਕਰਦਾ ਸੀ ਕਿ ਉਹ ਭੁਬਾਂ ਮਾਰ ਮਾਰ ਰੋਵੇ।

"ਪ੍ਰੀਤੀ ... ਜੇ ਇਉਂ ਹੀ ਕਰਨਾ ਸੀ ਤਾਂ ਕੀ ਲੋੜ ਸੀ ਇਹ ਸਾਰੇ ਕਾਸੇ ਦੀ !"

"ਹਵੇਲੀ ਦੀਆਂ ਕੰਧਾਂ ਬਹੁਤ ਉਚੀਆਂ ਨੇ ਭਿੰਦੇ !" ਉਦੋਂ ਪ੍ਰੀਤੀ ਦੀਆਂ ਅੱਖਾਂ ਵੀ ਸੇਜਲ ਸਨ", ਆਪਣਾ ਮੇਲ ਬਸ ਐਨਾ ਕੁ ਸੀ ... ਮੇਰਾ ਵਿਆਹ ਹੋ ਜਾਣਾ, ਤੂੰ ਆਪਣਾ ਕਰਵਾ ਲਈਂ ——— ਕੁਛ ਸਾਲ ਬਾਅਦ ਵਾਪਸ ਆਊਂਗੀ ਤਾਂ ਬਹਿਕੇ ਸਾਰੇ ਦੁਖ-ਸੁਖ ਕਰਲਾਂਗੇ।

ਤੇ ਪ੍ਰੀਤੀ ਅੰਧੇਰੇ 'ਚ ਗੁੰਮ ਹੋ ਗਈ।

ਦੂਜੇ ਦਿਨ ਲੋਕ ਗੱਲਾਂ ਕਰ ਰਹੇ ਸਨ — 'ਹਵੇਲੀ ਆਲਿਆਂ ਦੀ ਪ੍ਰੀਤੀ ਵਲੈਤ ਚਲੀ ਗਈ ਆ !' ਉਹਨੂੰ ਲੱਗਿਆ ਜਿਵੇਂ ਲੋਕ ਉਸ ਵਲ ਝਾਕ-ਝਾਕ ਗੱਲਾਂ ਕਰ ਰਹੇ ਹੋਣ !

ਤੇ ਉਦੋਂ .... ਦਸ ਸਾਲ ਪਹਿਲਾਂ —

ਹਜ਼ਾਰਾਂ ਲੋਕਾਂ ਦੀ ਭੀੜ ਚੋਂ ਵੀ ਭਿੰਦੇ ਨੂੰ ਕੋਈ ਆਪਣਾ ਨਹੀਂ ਸੀ ਦਿਖ ਰਿਹਾ। ਖਾਲੀ ਅਸਮਾਨ ਵੱਲ ਟਿਕ-ਟਿਕੀ ਲਗਾਏ ਜਿਵੇਂ ਉਹ ਗੁਆਚਿਆ ਲੱਭ ਰਿਹਾ ਹੋਵੇ। ਪਰ ਸਿਵਾਏ ਖਲਾਅ ਤੋਂ ਉਹਦੇ ਪੱਲੇ ਕੱਖ ਨਾ ਪੈਂਦਾ। ਚੀਸ ਜਿਹੀ ਵੱਟ ਉਹ ਕਦੇ ਆਪਣੇ ਆਪ ਨੂੰ ਕਹਿੰਦਾ, "ਮੈਂ ਤਾਂ ਆਬਦਾ ਆਪ ਉਂਈਂ ਗਾਲ੍ਹੀ ਜਾਨਾਂ, ਉਹਦੇ ਭਾਮੇਂ ਮੈਂ ਜੁੱਤੀ ਦੇ ਯਾਦ ਨਾ ਹੋਮਾਂ ... ਇਉਂ ਕਿਤੇ ਸਾਲੀ ਦੁਨੀਆਂ ਮੁੱਕਗੀ !" ਪਰ ਕਾਲਜੇ 'ਚ ਉਠਦਾ ਦਰਦ ਤਾਂ ਬੇ-ਇਲਾਜ ਸੀ। ਮਰੇ ਕੁਤੇ ਵਾਂਗ ਉਹ ਸਾਰਾ ਦਿਨ ਘਰ ਦੇ ਕਿਸੇ ਹਨੇਰੇ ਕੋਨੇ 'ਚ ਪਿਆ ਰਹਿੰਦਾ। ਮਾਂ-ਪਿਉ ਬੁਲਾਉਂਦੇ ਥੱਕ ਜਾਂਦੇ, ਪਰ ਉਹਦੇ ਬੁਲ੍ਹਾਂ ਤੋਂ ਹੂੰ-ਹਾਂਅ ਤੋਂ ਵੱਧ ਕੁਝ ਨਾ ਨਿਕਲਦਾ। ਸਾਰੇ ਕਾਸੇ ਤੋਂ ਜਿਵੇਂ ਉਹਦਾ ਮੋਹ ਮਰ ਚੁਕਾ ਸੀ। ਨਾ ਉਹਨੂੰ ਆਪਣੇ ਦੀ ਸੀ ਨਾ ਬਿਗਾਨੇ ਦੀ, ਖਾਣ ਦੀ ਉਹਨੂੰ ਸੁਧ ਨਹੀਂ ਸੀ, ਪੀਣ ਦੀ ਸਾਰ ਨਹੀਂ ਸੀ

ਭਿੰਦੇ ਦੀ ਆਉਣੀ-ਜਾਣੀ ਪਿੰਡ ਦੇ ਲਾਗਲੇ ਟਿੱਲੇ ਤੇ ਰਹਿੰਦੇ ਬੂਬਨੇ ਸਾਧ ਕੋਲ ਹੋ ਗਈ। ਨੇੜ-ਤੇੜ ਦੇ ਪਿੰਡਾਂ ਤੋਂ ਫਾਕੇ-ਮਾਰੇ ਅਮਲੀ, ਰੰਨ ਜਾਂ ਨਹੁੰ ਦੀ ਦੂਰ-ਦੂਰ ਤੋਂ ਡਰਦੇ ਬੁਢੇ, ਕੁੜੀਆਂ-ਚਿੜੀਆਂ ਦੇ ਸ਼ੁਕੀਨ ਫੋਕੇ-ਆਸ਼ਕ ਟਿੱਲੇ ਦਾ ਸ਼ਿੰਗਾਰ ਸਨ। ਸਵੇਰ ਤੋਂ ਸ਼ਾਮ ਤੱਕ ਸਾਰੇ ਸੁੱਖੇ ਦੀਆਂ ਚਿਲਮਾਂ ਭਰ-ਭਰ ਡਕ੍ਰਾਰੀ ਜਾਂਦੇ। ਸਾਧ ਦਾ ਚੇਲਾ ਪਿੰਡੋ ਮੰਗੀਆਂ ਰੋਟੀਆਂ ਇਕ-ਇਕ ਕਰਕੇ ਸਾਰਿਆਂ ਮੂਹਰੇ ਵਗਾਹ ਮਾਰਦਾ। ਲਾਲ ਡੋਰਿਆਂ ਵਾਲੀਆਂ ਅੱਖਾਂ ਵਾਲੇ ਕੁਝ ਪਲ੍ਹ ਪਲਕਾਂ ਪੁਟਦੇ, ਪੇਟ ਧਾਫੜਦੇ ਤੇ ਫੇਰ ਜਿਸ ਮਸਤੀ 'ਚੋਂ ਉਠਦੇ, ਉਸੇ 'ਚ ਗਰਕ ਹੋ ਜਾਂਦੇ।

ਤੇ ਉਹ 'ਅੰਨ੍ਹੇ ਜੱਫੇ ਵਾਲਾ ਭਿੰਦਾ' ਕੁਛ ਮਹੀਨਿਆਂ 'ਚ ਸੁਕ ਕੇ ਫਾਕੜ ਹੋ ਗਿਆ। ਗੱਲ੍ਹਾਂ ਦੀ ਲਾਲੀ ਹੁਣ ਸੁਕੀਆਂ ਜਾਭਾਂ ਦੀ ਪੀਲ੍ਹਕ 'ਚ ਬਦਲ ਗਈ। ਆਪਸ 'ਚ ਖਹਿੰਦੇ ਪੱਟਾਂ ਵਾਲੀਆਂ ਲੱਤਾਂ ਹੁਣ ਕਿਸੇ ਅੰਨ੍ਹੇ ਦੀ ਡੰਗੋਰੀ ਵਾਂਗ ਡਿੱਕ-ਡੋਲੇ ਖਾਣ ਲੱਗ ਪਈਆਂ। 'ਕੱਲ੍ਹ' ਦਾ ਭਿੰਦਾ ਗੁਆਚ ਗਿਆ ਸੀ — ਹੁਣ ਵਾਲਾ ਭਿੰਦਾ ਜਿਵੇਂ ਉਹਦੇ ਮਸਾਣਾਂ 'ਚੋਂ ਉਠ ਕੇ ਆਇਆ ਭੂਤ ਹੋਵੇ !

ਦੁੱਧ ਦੀ ਜਗ੍ਹਾ ਡੋਡਿਆਂ ਦੇ ਲਾਲ ਪਾਣੀ ਨੇ ਲੈ ਲਈ, ਮੱਖਣ ਦੀ ਜਗ੍ਹਾ 'ਫ਼ੀਮ' ਨੇ ਆ ਮੱਲੀ। ਜੱਗ ਤੇ ਜੋ ਨਸ਼ੇ-ਪੱਤੇ ਮਿਲਦੇ, ਸਾਰੇ ਭਿੰਦੇ ਦੇ ਪੇਟ ਅੰਦਰ ਜਜ਼ਬ ਹੋਈ ਜਾਂਦੇ। ਇਕੱਲੀ ਉਲਾਦ ਨੂੰ ਬਰਬਾਦ ਹੁੰਦੇ ਦੇਖ ਉਹਦੇ ਮਾਂ-ਬਾਪ ਥੋੜ੍ਹੇ ਸਮੇਂ 'ਚ ਭੁੰਜੇ ਲਹਿ ਗਏ ਤੇ ਇਕ ਦੂਜੇ ਤੋਂ ਥੋੜ੍ਹੇ

→




Kuldip S. Jhand

**WHEATON**

**PONTIAC BUICK GMC LTD.**

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.

ਵਕਫ਼ੇ ਬਾਅਦ ਰੱਬ ਨੂੰ ਪਿਆਰੇ ਹੋ ਗਏ ।

ਅੱਗਿਓਂ — ਪਿਛਿਓਂ ਲੰਡਾ ਦੇਖ ਵਿਹਲੜਾਂ, ਅਮਲੀਆਂ-ਐਬੀਆਂ ਤੇ ਲੰਡੇ ਚਿੜਿਆਂ ਦੀਆਂ ਢਾਣੀਆਂ ਭਿੰਦੇ ਦੇ ਘਰ ਸਜਦੀਆਂ। ਤੇ ਉਹ ਚੀਸ, ਜਿਸਨੇ ਉਹਦਾ 'ਆਪਾ' ਬਰਬਾਦ ਕੀਤਾ ਸੀ, ਦਾ ਵੀ ਹੁਣ ਉਹਨੂੰ ਪਤਾ ਨਹੀਂ ਸੀ। ਮੁੱਠੀ 'ਚ ਰੱਖੇ ਰੇਤ ਵਾਂਗ ਉਹਦਾ ਸਭ ਕੁਝ ਕਿਰ ਗਿਆ ਸੀ — ਉਹਦਾ ਅਤੀਤ, ਉਹਦਾ ਵਰਤਮਾਨ, ਉਹਦਾ ਭਵਿਸ਼! ਵਿਰਸੇ 'ਚ ਮਿਲੇ ਚਾਰ ਸਿਆੜ ਨਸ਼ੇ ਖਾ ਗਏ, ਘਰ ਦੀ ਛੱਤ ਦੇ ਸਤੀਰੀ-ਬਾਲਿਆਂ ਨੂੰ ਸਿਉਂਕ ਚੱਟ ਗਈ ।

ਆਪਣੇ ਆਪ ਨੂੰ ਆਹਰੇ ਲਾਉਣ ਲਈ ਉਹਨੇ ਭੇਡਾਂ ਖਰੀਦ ਲਈਆਂ। ਮਹਿਤੇ ਚੂਹੜੇ ਦੇ ਸ਼ੋਹਰ ਨੂੰ ਆਪਣੇ ਨਾਲ ਸੀਰੀ ਰਲਾ ਲਿਆ। ਪਿੰਡ ਤੋਂ ਬਾਹਰਵਾਰ ਮੋਹੜੀਆਂ ਦੀ ਵਾੜ ਕਰਕੇ ਉਹਨੇ ਵਾੜਾ ਬਣਾ ਲਿਆ। ਪਿੰਡ ਦੇ ਕੁਝ ਘਰ ਦੁਧੋਂ ਭੰਨ-ਤੋੜ ਕਰਨ ਵਾਲੀਆਂ ਬੱਕਰੀਆਂ ਭਿੰਦੇ ਦੇ ਇਜੜ 'ਚ 'ਹਰੀਆਂ' ਕਰਨ ਭੇਜ ਦਿੰਦੇ — ਦੁਧ-ਪਾਣੀ ਦਾ ਉਹਨਾਂ ਤੋਂ ਸਰੀ ਜਾਂਦਾ, ਸਾਲ ਬਾਅਦ ਭੇਡਾਂ ਮੁੰਨ ਕੇ ਉਨ ਦੀ ਜੋ ਵਟਤ ਹੁੰਦੀ — ਨਸ਼ੇ ਪਾਣੀ ਤੇ ਰੋਟੀ-ਗੁੜ ਦਾ ਡੰਗ ਓਥੋਂ ਟੱਪ ਜਾਂਦਾ। ਸਾਰਾ ਦਿਨ ਭਿੰਦਾ ਤੇ ਘੁਦਾ ਟਿਚਕਾਰੀਆਂ ਮਾਰ ਦੇ ਇਜੜ ਮਗਰ ਰਾਹਾਂ ਦੀ ਧੂੜ ਫੱਕਦੇ। ਦਿਨ ਛਿਪਾ ਨਾਲ ਭੇਡਾਂ ਵਾੜੇ ਆ ਜਾਂਦੀਆਂ, ਪਿੰਡ ਦੇ ਮੁੰਡੇ-ਖੁੰਡੇ ਵਾੜੇ 'ਚ ਆ ਮਹਿਫਲ ਸਜਾਉਂਦੇ। ਹੁਨਾਲ-ਸਿਆਲ ਗਈ ਰਾਤ ਤੱਕ ਇਹ ਮਹਿਫਲ ਬੇ-ਰੋਕ, ਬੇ-ਟੋਕ ਚਲਦੀ ਰਹਿੰਦੀ ।

ਮੁੰਡੇ-ਖੁੰਡੇ 'ਆਪਣੀਆਂ-ਆਪਣੀਆਂ' ਕੁੜੀਆਂ ਦੀਆਂ ਗੱਲਾਂ ਕਰਦੇ, ਸੁਹਣੀਆਂ ਰੰਨਾਂ ਲਈ ਆਹਾਂ ਭਰਦੇ ਤੇ ਕੋਈ ਮਸਤੀ 'ਚ ਆਇਆ ਹੀਰ ਦੀ ਕਲੀ ਛੇੜ ਬਹਿੰਦਾ। ਫੇਰ ਕੋਈ ਭਿੰਦੇ ਨੂੰ ਕੁਰੇਦਦਾ

"ਚਾਚਾ ਸੁਣਿਆ ... ਤੇਰੀ ਪ੍ਰੀਤੀ ਵੀ ਹੀਰ ਤੋਂ ਘੱਟ ਨੀ ਸੀ ?"

"ਓਏ ਸਾਲਿਆ, "ਭਿੰਦੇ ਦੀ ਥਾਂ ਕੋਈ ਹੋਰ ਬੋਲਦਾ", ਤੂੰ ਤਾਂ ਉਦੋਂ ਮੰਜੇ ਤੇ ਮੂਤਦਾ ਸੀ, ਜਦੋਂ ਦੀ ਪ੍ਰੀਤੀ ਇੰਗਲੈਂਡ ਗਈ ਆ ... ਤੈਨੂੰ ਕੀ ਪਤਾ ਸੀ ਕਿ ਸੋਹਣੀ ਸੀ ਕਿ ਨਹੀਂ !"

"ਕਰਲੋ ਘਿਉ ਨੂੰ ਭਾਂਡਾ .... ਮੈਂ ਕਿਹੜਾ ਕਹਿਨਾ ਬਈ ਮੈਂ ਪ੍ਰੀਤੀ ਦੇਖੀ ਆ ... ਮੈਂ ਤਾਂ ਸੁਣੀ ਓਈ ਆ .... ਇਹ ਸਾਲਿਆਂ ਨੂੰ ਛੱਡੋ ਮੱਝ ਥੱਲੇ, ਜਾਣਗੇ ਕੱਟੇ ਥੱਲੇ ।

"ਮੈਂ ਤਾਂ ਸੁਣਿਆ, ਉਦੋਂ ਚਾਚਾ ਵੀ ਰਾਂਝੇ ਤੋਂ ਘੱਟ ਨੀ ਸੀ ... ਕਹਿੰਦੇ ਆ ਕੌਡੀ 'ਚ ਵੱਡੇ-ਵੱਡਿਆਂ ਨੂੰ ਕੋਡੇ ਕਰਾ ਦਿੰਦਾ ਸੀ ... ਜੀਹਦੀ ਲੱਤ ਇਕ ਵਾਰੀ ਫੜ ਲੈਂਦਾ ਸੀ, ਮਿਆਂ ਕਰਕੇ ਛੱਡਦਾ ਸੀ !"

"ਹੁਣ ਤਾਂ ਸਾਡਾ ਚਾਚਾ ਜੀ ਵਿਚਾਰਾ ਬੱਕਰੀਆਂ ਦੀਆਂ ਲੱਤਾਂ ਫੜਨ ਜੋਗਾ ਰਹਿ ਗਿਆ ... ਛਡਦਾ ਉਂ ਬੱਕਰੀ ਦੀ ਮਿਆਂ ਕਰਾਕੇ ਈ ਆ !' ਹਾਸਾ ਗੂੰਜਦਾ ।

"ਓਏ ਸਾਲੇ ਚਬਰ-ਚਬਰ ਕਿਮੇਂ ਕਰਦੇ ਆ ... ਚਲ ਓਏ ਘੁਦੇ ਪੁਤ, ਫੜ ਬੱਕਰੀ ਦੀਆਂ ਲੱਤਾਂ, ਚੋਈਏ ਦੋ ਧਾਰਾਂ ... ਘੁਟ ਚਾਹ ਪੀ ਕੇ ਖੁਸ਼ਕੀ ਦੂਰ ਕਰੀਏ ... ਰਾਹਾਂ ਦੀ ਧੂੜ ਅੰਦਰ ਲੰਘਕੇ ਗਲਾ ਫੜੀ ਬੈਠੀ ਆ !"

"ਚਾਚਾ, ਚਾਹ ਆ ਕਿ ਬਦਾਮ-ਰੋਗਨ ? ਕੋਈ ਪੁਛਦਾ !

"ਪੁਤ-ਪੁਤ, ਐਹ ਜੀ ਚਾਹ ਤਾਂ ਥੋਡੇ ਬੁੜ੍ਹੇ ਨੂੰ ਨੀ ਜੁੜੀ, ਸਾਰੀ ਉਮਰ ... ਤੂੰ ਤਾਂ ਭਾਲਦਾਂ ਕਿਥੋਂ ਐ ... ਜੇ ਦੋ ਘੁੱਟਾ ਕਿਤੇ ਤੇਰੀ ਮਾਂ ਭਰ ਲਂਵੇ ਤਾਂ ਤੇਰੇ ਪਿਓ ਨੂੰ ਛੱਡਕੇ ਤੇਰੇ 'ਚਾਚਾ ਜੀ' ਦੇ ਵਾੜੇ ਆ ਵੜੇ।

ਵਕਤ ਆਪਣੀ ਚਾਲ ਚਲਦਾ ਰਿਹਾ ।

ਛੋਹਰ ਜਿਹਾ ਘੁਦਾ ਗਭਰੂ ਹੋ ਗਿਆ। ਭਿੰਦੇ ਦਾ ਰੋਮ-ਰੋਮ ਨਸ਼ਿਆਂ 'ਚ ਪਰੁਨਿਆ ਗਿਆ। ਛੱਬੀਆਂ-ਸਤਾਈਆਂ ਦਾ ਭਿੰਦਾ ਪੰਜਾਹ ਸਾਲ ਦਾ ਬਜ਼ੁਰਗ ਜਾਪਣ ਲੱਗਾ ਹੰਭਿਆ-ਹਾਰਿਆ !

ਪਿੰਡ 'ਚ ਕਾਨਾਫੂਸੀ ਚਲ ਰਹੀ ਸੀ — ਲੋਕ ਤਾਂ ਸ਼ਾਇਦ ਉਚੀ ਗੱਲ ਕਰਦੇ ਸੀ, ਭਿੰਦੇ ਦੇ ਕੰਨਾਂ ਨੂੰ ਕੁਝ ਹੋ ਗਿਆ ਸੀ। ਉਹਨੂੰ ਜਾਪਦਾ ਜਿਵੇਂ ਉਹ ਉਹਨੂੰ ਸੁਣਾਉਣ ਲਈ ਹੌਲੀ-ਹੌਲੀ ਬੋਲ ਰਹੇ ਹੋਣ ।

"ਦਸਾਂ ਸਾਲਾਂ ਬਾਅਦ ਹਵੇਲੀ ਆਲਿਆਂ ਦੀ ਪ੍ਰੀਤੀ ਵਲੈਤੋਂ ਪਰਤੀ ਆ !"

The Manitoba Mirror
ਮੈਨੀਟੋਬਾ ਦਰਪਣ

Dino's at the New Location
ਡੀਨੋਜ਼ ਨਵੀਂ ਥਾਂ ਉਤੇ

DINO'S GROCERY MART

460 NOTRE DAME AVE. WINNIPEG, MAN. R3B 1R5

Ph. 942-1526

ਵਿੰਨੀਪੇਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ

ਜੋ ਹਫਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

- ਈਸਟ ਇੰਡੀਅਨ ਗਰੌਸਰੀ
- ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ
- ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
- ਤਾਜ਼ਾ ਸਬਜ਼ੀਆਂ
- ਤਾਜ਼ਾ ਬੱਕਰੇ ਦਾ ਮੀਟ
- ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ਼੍ਰੀਦਣ ਉਤੇ ਡਿਸਕਾਊਂਟ
- ਵਿੰਨੀਪੇਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ
- ਈਸਟ ਇੰਡੀਅਨ ਅਖਬਾਰ ਅਤੇ ਰਸਾਲੇ

ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ

ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"

GIL'S NEW & USED

Furniture & Appliances Warehouse

All kinds of New and Used Furniture — Color TV — Stereos — Major Appliances — Refrigerators — —Air Conditioners

WE BUY SELL TRADE

ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ਼੍ਰੀਦਣ ਲਈ ਮਿਲੋ ਜਾਂ ਫੋਨ ਕਰੋ :

582-8726

121 SALTER STREET WINNIPEG, MAN.

REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



PH. 582-7138

600 - Redwood Ave. WINNIPEG, MAN.

ਭਿੰਦੇ ਦੇ ਕਾਲਜੇ 'ਚ ਦਰਦ ਉਠਿਆ, ਉਹਨੂੰ ਜਾਪਿਆ ਜਿਵੇਂ ਕਿਸੇ ਪੁਰਾਣੇ ਜ਼ਖਮ ਦਾ ਨਸੂਰ ਉਚੜ ਗਿਆ ਹੋਵੇ। ਰਾਤ ਦੀ ਮਹਿਫਲ ਭੰਗ ਹੋ ਚੁਕੀ ਸੀ। ਗੁਰਦੁਆਰੇ ਦੇ ਨਿਸ਼ਾਨ ਸਾਹਬ ਤੇ ਲੱਗੇ ਬਿਜਲੀ ਦੇ ਵੱਡੇ ਲਾਟੂ ਕਾਰਨ ਮਹੌਲ 'ਚ ਚਾਨਣ ਸੀ। ਮੰਜੇ ਤੇ ਪਏ ਹੋਏ ਉਹਦਾ ਜੀਅ ਕਰਦਾ ਸੀ ਕਿ ਕੋਈ ਉਹਦੇ ਨਾਲ ਗੱਲਾਂ ਕਰਨ ਵਾਲਾ ਹੋਵੇ, ਕਿਸੇ ਦੇ ਮੋਢੇ ਨਾਲ ਲਗਕੇ ਉਹਦਾ ਜੀਅ ਵੈਣ ਪਾਉਣ ਨੂੰ ਕਰਦਾ ਸੀ।

ਠੰਡ ਤੋਂ ਬਚਾਅ ਕਰਦਾ ਨਾਲ ਵਾਲੀ ਮੰਜੀ ਤੇ ਢਿਡ 'ਚ ਲੱਤਾਂ ਦੇਈ ਘੁਦਾ ਪਿਆ ਸੀ।

"ਪ੍ਰੀਤੀ ... ਦੁਖ-ਸੁਖ ਫੋਲਣ ਦਾ ਵਾਅਦਾ ਕਰਕੇ ਤੈਨੂੰ ਹੁਣ ਚੇਤਾ ਆਇਆ ਆਉਣ ਦਾ .... ਤੂੰ ਤੇ ਖਾਨੀ ਮੇਰਾ ਨਾਂ ਵੀ ਭੁਲਗੀ, ਪਰ ਵੇਖਲਾ ਪ੍ਰੀਤੀ ਮੈਂ ਤਾਂ ਤੇਰੇ ਜਾਣ ਤੋਂ ਬਾਅਦ ਆਪਣਾ ਸਭ ਕੁਛ ਗਵਾ ਲਿਆ ... ਲੋਕ ਕਹਿੰਦੇ ਨੇ ਤੇਰੇ ਦੋ ਭੁਰ-ਭੁਰ ਅੰਗਰੇਜ਼ੀ ਬੋਲਦੇ ਮੁੰਡੇ ਨੇ ... ਸ਼ੁਕਰ ਆ ਪ੍ਰਮਾਤਮਾ ਦਾ ... ਜੱਗ ਤੇ ਆ ਕੇ ਤੂੰ ਤੇ ਕੁਛ ਖੱਟਿਆ .... ਲੋਕ ਕਹਿੰਦੇ ਨੇ ਕੱਲ੍ਹ ਨੂੰ ਤੂੰ ਏਥੇ ਆਉਣਾ .... ਤੈਨੂੰ ਪਿੰਡ ਦਾ ਚੇਤਾ ਨਹੀਂ ਭੁਲਿਆ, ਮਾੜਾ-ਮੋਟਾ ਤੈਨੂੰ ਚੇਤਾ ਭਿੰਦੇ ਦਾ ਵੀ ਹੋਊਗਾ ....ਮੈਂ ਤਾਂ ਕੱਲ੍ਹ ਦੀ ਉਡੀਕ 'ਚ ਆਂ ਪ੍ਰੀਤੀ ... ਮੇਰਾ ਵੱਸ ਚੱਲੇ ਤਾਂ ਸੂਰਜ ਨੂੰ ਉਹਨਾਂ ਤਹਿਆਂ 'ਚੋਂ ਕੱਢ ਲਿਆਵਾਂ, ਜਿੰਨ੍ਹਾਂ ਨੇ ਤੇਰਾ ਆਉਣਾ ਦੂਰ ਕੀਤਾ ਪਿਐ !" ਹੰਝੂਆਂ ਦੀਆਂ ਧਾਰਾਂ ਉਹਦੀਆਂ ਅੱਖਾਂ 'ਚੋਂ ਵਗਦੀਆਂ ਰਹੀਆਂ, ਪਤਾ ਨਹੀਂ ਕਿਹੜੇ ਵੇਲੇ ਉਹਦੀ ਅੱਖ ਲੱਗ ਗਈ।

ਨਹਾ-ਧੋਹ ਕੇ ਭਿੰਦੇ ਨੇ ਵਰ੍ਹਿਆਂ ਬਾਅਦ ਚੱਜ ਦੇ ਲੀੜੇ ਪਾਏ। ਉਹਨੂੰ ਟੇਕ ਨਹੀਂ ਸੀ ਆ ਰਹੀ। ਆਨੀਂ-ਬਹਾਨੀਂ ਛੱਤ ਤੇ ਚੜ੍ਹਦਾ, ਦੂਰ ਸੜਕ ਵਾਲੇ ਪਾਸੇ ਕਿਸੇ ਵਾਹਨ ਦੀ ਵਿੜਕ ਲੈਂਦਾ। ਅੱਕ-ਥੱਕ ਉਹ ਉਸ ਰਾਹ ਵਲ ਨੂੰ ਤੁਰ ਪਿਆ, ਜਿਸ ਰਾਹ ਤੇ ਨਿਕੀਆਂ ਇਟਾਂ ਦੀ ਹਵੇਲੀ ਬਣੀ ਹੋਈ ਸੀ।

ਹਵੇਲੀ ਦੇ ਵੱਡੇ ਦਰਵਾਜ਼ੇ ਅੱਗੇ ਕਾਲੇ ਰੰਗ ਦੀ ਇਕ ਕਾਰ ਖੜ੍ਹੀ ਸੀ। ਹਵੇਲੀ ਵਾਲਿਆਂ ਦਾ ਭਈਆ ਕਾਹਲੀ-ਕਾਹਲੀ ਬਾਹਰ ਆਇਆ। ਦਿਲ-ਜਿਗਰਾ ਕਰਕੇ ਭਿੰਦੇ ਨੇ ਉਹਨੂੰ ਪੁਛ ਹੀ ਲਿਆ — "ਓਏ ਰਾਮੂ.... ਯਹ ਕਾਰ ਕਹੀਦੀ ਹੈ ?"

"ਬੜੀ ਬੀਬੀ ਜੀ ਆਈ ਹੈ ਬਲੈਤ ਸੇ ... ਸਾਥ ਮੇਂ ਉਨਕਾ ਸਾਹਬ ਔਰ ਬੱਚੇ ਵੀ ਹੈਂ !" ਛੜੱਪੀਂ ਦੌੜਦਾ ਭਈਆ ਕਿਧਰੇ ਗੁੰਮ ਹੋ ਗਿਆ।

"ਭਿੰਦੇ !" ਉਹ ਆਪਣੇ ਨਾਲ ਹੀ ਬਚਨ-ਬਿਲਾਸ ਕਰਨ ਲੱਗ ਪਿਆ "ਤੂੰ ਹੁਣ ਕੱਲ੍ਹ ਦਾ ਜੁਆਕ ਤਾਂ ਹੈਨੀ। ਬੰਦਾ ਭੈੜਾ ਲਗਦਾ ਜੇ ਐਮੇਂ ਲੋਕਾਂ ਦੇ ਘਰ ਵੱਲ ਆਂਡੇ ਪਾੜੀ ਝਾਕੀ ਜਾਵੇ .... ਪ੍ਰੀਤੀ ਕੀ ਸੋਚੂ ... ਨਾਲੇ ਇਹ ਕੀ ਬਠਿੰਡਾ, ਬਈ ਉਹਨੂੰ ਤੇਰਾ ਘਰ ਨੀਂ ਥਿਆਉਂਦਾ .... ਚਲ ... ਰਾਮ ਨਾਲ ਟਿਕਕੇ ਆਬਦੇ ਘਰੇ ਬੈਠ !"

ਘਰੇ ਵੀ ਉਹਨੂੰ ਚੈਨ ਨਸੀਬ ਨਾ ਹੋਈ। ਵੀਹ ਵਾਰ ਭੌਰਾ-ਭੌਰਾ ਕਰਕੇ ਉਹਨੇ ਕਿੰਨ੍ਹਾ ਸਾਰਾ ਮਾਵਾ ਛਕ ਲਿਆ ਸੀ, ਪਰ ਉਹਦੀ ਤੌੜ ਸੀ ਕਿ ਹਟਣ ਦਾ ਨਾਂ ਨਹੀਂ ਸੀ ਲੈ ਰਹੀ। ਦਰਵਾਜੇ ਨੂੰ ਭੇੜਣ ਵਾਲੀ ਫਾਟਕੀ ਦਾ ਕਦੇ ਖੜਾਕ ਹੁੰਦਾ ਤਾਂ ਉਹ ਦੌੜਕੇ ਰਾਹ ਵੱਲ ਜਾਂਦਾ। ਨਿੱਕੀ ਜਿਹੀ ਫਾਟਕੀ ਜਾਂ ਤਾਂ ਹਵਾ ਦੇ ਬੁੱਲ੍ਹੇ ਨਾਲ ਖੜਕ ਰਹੀ ਹੁੰਦੀ ਜਾਂ ਵੀਹੀ ਦਾ ਪਾਂ-ਖਾਧਾ ਕੁਤਾ ਉਹਦੇ ਨਾਲ ਖਹਿ ਰਿਹਾ ਹੁੰਦਾ।

ਆਥਣ ਹੋਈ, ਸੂਰਜ ਡੁਬ ਗਿਆ। ਪਿਤਲ-ਰੰਗਾ ਚਾਨਣ ਘਸਮੈਲੇ ਹਨੇਰੇ 'ਚ ਬਦਲ ਗਿਆ। ਘੁਦੇ ਨੇ ਆ ਕੇ ਦਸਤਕ ਦਿਤੀ, "ਚਾਚਾ, ਹਰੀਏ ਦਖਾਣ ਦੀ ਬਕਰੀ ਲਾਗੀ ...ਕਹੇਂ ਤਾਂ ਦਸ ਰੁਪਈਏ ਲੈ ਆਮਾਂ !"

"ਜਿਮੇਂ ਤੈਨੂੰ ਠੀਕ ਲਗਦਾ, ਕਰਲਾ ... ਘੁਦੇ !" ਮਰੀ ਜਿਹੀ ਅਵਾਜ਼ 'ਚ ਉਹਨੇ ਕਿਹਾ।

"ਚਾਚਾ ... ਤੂੰ ਰਾਜੀ ਤਾਂ ਹੈਗਾਂ ? ... ਢਿਲਾ ਲਗਦਾਂ ਮੈਨੂੰ ਤਾਂ ਤੂੰ

"ਮੈਨੂੰ ਕੀ ਗੋਲੀ ਵੱਜੀ ਆ ... ਜਾਹ ਤੂੰ !"

ਬੌਰਿਆਂ ਵਾਂਗ ਘੁਦਾ ਭਿੰਦੇ ਵਲ ਝਾਕਦਾ ਦਰੋਂ ਬਾਹਰ ਹੋ ਗਿਆ।

ਸਾਰੀ ਰਾਤ ਉਹ ਤਾਰੇ ਗਿਣਦਾ ਰਿਹਾ। ਨੀਂਦ ਪਤਾ ਨਹੀਂ ਕਿਹੜੇ ਸੁਰਖਾਬ ਦੇ ਪਰ ਲਗਾ ਕੇ ਉਡ ਗਈ ਸੀ। ਰਾਤ ਭਰ ਝੋਰਿਆਂ 'ਚ ਝੁਰਦਾ ਵਿਹੜੇ 'ਚ ਪਈ ਮੰਜੀ ਦੇ ਦੁਆਲੇ ਚੱਕਰ ਕੱਢਦਾ ਰਿਹਾ। ਸਵੇਰ ਹੋਈ ਵਾੜੇ 'ਚ ਜਾ ਕੇ ਉਹਨੇ ਚਾਹ ਧਰੀ। ਘੁਦੇ ਨੂੰ ਜਗਾ ਕੇ ਬੱਕਰੀ ਚੋਈ। ਘਸਮੈਲੇ ਕੱਪਾਂ 'ਚ ਫੂਕਾਂ ਮਾਰ-ਮਾਰ ਤੱਤੀ-ਤੱਤੀ ਚਾਹ ਦੋਵੇਂ ਅੰਦਰ ਸੁਟਣ ਲੱਗੇ।

"ਮੇਰੀ ਮੰਨਦਾਂ ਚਾਚਾ ... ਤੂੰ ਅੱਜ ਵੀ ਜਾਣ ਨੂੰ ਰਹਿਣ ਦੇ ... ਮੈਂ ਅੱਜ ਵੀ ਤਾਰੀ ਨੂੰ ਲੈਜੂੰ।"

"ਘਰੇ ਵੀ ਘੁਦੇ ਕਿਹੜਾ ਦਿਲ ਲਗਦਾ ... ਚਲਦੇ ਈ ਆਂ, ਉਥੇ ਕਿਹੜੇ ਆਪਾਂ ਮੁਧਕਰ ਚੁਕਣੇ ਆ !"

"ਘੁਦੇ ਪੁੱਤ .... ਅੱਜ ਚਾਹ ਤੂੰ ਬਣਾ ਓਏ", ਦੁਪਹਿਰ ਵੇਲੇ ਨਹਿਰ ਦੀ ਪਟੜੀ ਲਾਗੇ ਭਿੰਦੇ ਨੇ ਰੋੜਿਆਂ ਦਾ ਚੁੱਲਾ ਬਣਾਉਂਦੇ ਘੁਦੇ ਨੂੰ ਕਿਹਾ।

"ਨਾ ਬਈ ਚਾਚਾ ... ਫੇਰ ਕਮੇਂਗਾ ... "ਸਾਲੀਏ ਚੜੰਮੇ ... ਮੂਤ ਅਰਗੀ ਚਾਹ ਬਣਾਤੀ ... ਪੀਊ ਹੁਣ ਏਹਨੂੰ ਤੇਰੀ ਮਾਂ ਦਾ ਖਸਮ।"

"ਨਹੀਂ ਘੁਦਿਆ, ਜਿਹੋ-ਜਿਹੀ ਬਣਦੀ ਆ ... ਠੀਕ ਆ !" ਫੇਰ ਜਿਵੇਂ ਉਹਨੂੰ ਕੁਛ ਭੁਲਿਆ ਔੜਿਆ ਹੋਵੇ, "ਓਏ ਘੁਦੇ ... ਓਏ ਸਹੁਰਿਆ ... ਤੂੰ ਮੇਰੀਆਂ ਗੱਲਾਂ ਦਾ ਗੁੱਸਾ ਤਾਂ ਨੀ ਕਰਦਾ ... ਅੱਗਿਓਂ — ਪਿਛਿਓਂ ਤੂੰਹੀ ਐਂ ਮੇਰਾ ਸਭ ਕੁਛ ... ਮੇਰਾ ਪੁਤ-ਧੀ ... ਮੇਰਾ ਭੈਣ-ਭਾਈ !" ਪਿਤਰੀ-ਮੋਹ ਵਰਗੇ ਪਿਆਰ ਨਾਲ ਭਿੰਦੇ ਨੇ ਘੁਦੇ ਨੂੰ ਆਪਣੀਆਂ ਬਾਹਵਾਂ 'ਚ ਘੁਟ ਲਿਆ, "ਘੁਦੇ, ਤੇਰੇ ਚਾਚੇ ਦਾ ਹੁਣ ਕੋਈ ਵਸਾਹ ਨਹੀਂ ... ਨਸ਼ਿਆਂ ਪੱਤਿਆਂ ਨੇ ਛੱਡਿਆ ਤਾਂ ਮੇਰੇ ਕੋਲ ਕੱਖ ਨੀ, ਪਰ ਜੋ ਆਹ ਭੰਨ-ਤੋੜ ਐ, ਸਾਰਾ ਤੇਰਾ .... ਘੁਦੇ, ਸਾਰੀ ਉਮਰ ਜਿਉਂਦੇ ਜੀਅ ਤੇਰਾ ਚਾਚਾ ਬਥੇਰਾ ਰੁਲਿਆ-ਖੁਲਿਆ ... ਦੇਖੀ ਕਿਤੇ ਤੇਰੇ ਚਾਚੇ ਦੇ ਮਰੇ ਦੀ ਮਿੱਟੀ ਵੀ ਆਹ ਪਿੰਡ ਦੇ ਪਹਿਆਂ 'ਚ ਰੁਲਦੀ ਫਿਰੇ ... ਇਕ ਭੇਡ ਵੇਚ ਕੇ ਚਾਰ ਚੱਜ ਦੇ ਲੀੜੇ ਪਾ ਕੇ ਮੇਰਾ ਸਸਕਾਰ ਕਰਦੀਂ।

"ਚਾਚਾ !" ਘੁਦੇ ਦੀ ਲੇਰ ਨਿਕਲ ਗਈ। ਦੋਨੋਂ ਕਿੰਨਾ ਚਿਰ ਇਕ ਦੂਜੇ ਦੀਆਂ ਬਾਹਵਾਂ 'ਚ ਚਿੰਬੜੇ ਵਿਲਕਦੇ ਰਹੇ।

ਹਲਾ-ਹਲਾ ਕਰਦਿਆਂ ਦਾ ਸਾਰਾ ਦਿਨ ਲੰਘ ਗਿਆ। ਮੀਂਹ ਪਏ ਨੂੰ ਕਾਫੀ ਅਰਸਾ ਹੋ ਗਿਆ ਸੀ। ਟ੍ਰੈਕਟਰਾਂ-ਟ੍ਰਾਲੀਆਂ ਦੇ ਪਹੀਆਂ ਕਾਰਨ ਰਾਹਾਂ-ਪਹਿਆਂ 'ਚ ਧੁਦਲ ਦੇ ਢੇਰ ਲੱਗੇ ਪਏ ਸਨ। ਝੋਨਿਆਂ ਦੀ ਪ੍ਰਾਲੀ ਦੇ ਖੇਤਾਂ 'ਚ ਟਿੱਬਿਆਂ ਜਿੱਡੇ-ਜਿੱਡੇ ਉਚੇ ਢੇਰ ਅੱਗ ਦੀ ਗ੍ਰਿਫਤ 'ਚ ਆਏ ਕਾਰਨ ਧੂੰਏ ਦੇ ਗੁਬਾਰ ਛੱਡ ਰਹੇ ਸਨ। ਸਾਰਾ ਆਲਾ-ਦੁਆਲਾ ਧੁਆਂਖਿਆ ਪਿਆ ਸੀ। ਇੱਜੜ ਦਾ ਵਾੜੇ ਮੁੜਨ ਦਾ ਵੇਲਾ ਹੋ ਗਿਆ। ਭਿੰਦਾ ਸਿਰ ਸੁਟੀ ਇੱਜੜ ਦੇ ਪਿਛੇ ਬਿਮਾਰ ਲੇਲ੍ਹੇ ਵਾਂਗ ਆ ਰਿਹਾ ਸੀ। ਭੇਡਾਂ ਦੇ ਹਜੂੰਮ ਨੂੰ ਕਾਬੂ 'ਚ ਰੱਖਣ ਲਈ ਘੁਦਾ ਤੇ ਕਾਲੂ ਊਗੀ ਵਾਂਗ ਇੱਜੜ ਦੇ ਆਸੇ-ਪਾਸੇ ਘੁੰਮ ਰਹੇ ਸਨ। ਕੋਈ ਟਰੈਕਟਰ-ਟਰਾਲੀ ਜਾਂ ਰੇੜ੍ਹੀ ਆਉਂਦੀ ਤਾਂ ਰਾਹ ਦੇਣ ਲਈ ਸਾਰਾ ਇੱਜੜ ਉਹਨਾਂ ਨੂੰ ਇਕ ਪਾਸੇ ਕਰਨਾ ਪੈਂਦਾ।

ਪਿੰਡ ਵਾਲੇ ਪਾਸਿਓਂ ਕਾਲੀ ਕਾਰ ਤੇਜ਼ੀ ਨਾਲ ਉਹਨਾਂ ਵੱਲ ਵਧਦੀ ਆ ਰਹੀ ਸੀ। ਭਿੰਦੇ ਨੇ ਆਪਣੇ ਕੱਪੜੇ ਝਾੜੇ ਤੇ ਇੱਜੜ ਇਕ ਪਾਸੇ ਕਰਕੇ ਵੱਟ ਉਪਰ ਉਚਾ ਹੋ ਕੇ ਖੜ੍ਹੋ ਗਿਆ। "ਹੁਣ ਕਾਰ ਰੋਕਕੇ ਉਤਰ ਪਈ ... ਤੇ ਜੇ ਮੇਰਾ ਉਹਨੇ ਹਾਲ ਪੁਛਿਆ ਤਾਂ ਕੀ ਜਵਾਬ ਦਊਂਗਾ ਮੈਂ ਭਿੰਦਾ ਗਿਣਤੀ-ਮਿਣਤੀ 'ਚ ਖੋਹ ਗਿਆ। ਭੇਡਾਂ ਕਾਰਨ ਰਾਹ ਥੋੜ੍ਹਾ ਸੀ। ਡਰਾਈਵਰ ਨੇ ਕਾਰ ਦਾ ਇਕ ਪਾਸਾ ਖੇਤ 'ਚ ਉਤਾਰ ਲਿਆ। ਮੱਚੀ ਹੋਈ ਪਰਾਲੀ ਦੀ ਫੋਕੀ ਸੁਆਹ ਉਪਰ ਕਾਰ ਦੇ ਪਹੀਏ ਚੜ੍ਹੇ ਤਾਂ ਸੁਆਲ ਵਰੋਲੇ ਵਾਂਗ ਆਲੇ-ਦੁਆਲੇ 'ਚ ਫੈਲ ਗਈ। ਵੱਟ ਤੇ ਖੜ੍ਹਾ ਭਿੰਦਾ ਸੁਆਹ ਨਾਲ ਧੁਆਂਖਿਆ ਗਿਆ ਤੇ ਕਾਰ ਹਾਰਨ ਮਾਰਦੀ ਭੁਬਲ ਦੇ ਵਾ-ਵਰੋਲਿਆਂ 'ਚ ਗੁੰਮ ਹੋ ਗਈ।

ਘੁਦੇ ਨੇ ਨਜ਼ਰ ਮਾਰ ਕੇ ਭਿੰਦੇ ਦੇ ਹਾਲ ਨੂੰ ਦੇਖਿਆ। ਵਿਚਾਰਾ ਜਿਹਾ ਬਣੇ ਖੜ੍ਹੇ ਭਿੰਦੇ ਨੂੰ ਦੇਖ ਕੇ ਉਹ ਜੀ-ਭਿਆਣਾ ਜਿਹਾ ਹੋ ਗਿਆ। ਉਚੀ ਆਵਾਜ਼ 'ਚ ਭਿੰਦੇ ਨੂੰ ਸੁਣਾਉਂਦਿਆਂ ਉਹ ਬੋਲਿਆ, "ਐਥੇਂ ਤਾਂ ਪਹਿਲਾਂ ਈ ਸਭ ਕੁਛ ਜਲ ਕੇ ਸੁਆਹ ਹੋਇਆ ਫਿਰਦਾ ... ਕੁਤੇ ਦੇ ਤੁਖਮੋਂ, ਵੱਡੇ ਬਲੈਤੀਓ ... ਸੁਆਹ ਹੋਇਆਂ ਦੇ ਸਿਰ ਸੁਆਹ ਪਾਉਣ ਲੱਗੇ ਮਾੜੀ ਮੋਟੀ ਤਾਂ ਸੰਗ ਕਰੋ ... ਭੈਣ ਦੇ ..... !"

# ਜਗਤਾਰ ਦਾ ਕਲਾਮ

ਸਾਡੀ ਕੋਈ ਤਾਂ ਸੁਗੰਧੀਆਂ 'ਚ ਸਾਖ ਬਣੀ ਰਹੇ,
ਸਾਡੇ ਵਿਹੜੇ ਵਿਚ ਕੋਈ ਤਾਂ ਗੁਲਾਬ ਰਹਿਣ ਦੇ।

ਸਾਨੂੰ ਅੱਖਾਂ ਤੋਂ ਵਗੋਚਿਆਂ ਤੇ ਕਰ ਛਡਿਐ,
ਸਾਡੀ ਸੁਤਾ ਤੇ ਖਿਆਲ ਵਿਚ ਖ਼ਾਬ ਰਹਿਣ ਦੇ।

ਜਿਹੜੇ ਰੁੱਖਾਂ ਦੀਆਂ ਛਾਂਗੀਆਂ ਨੇ ਗਈਆਂ ਟਾਣੀਆਂ
ਭਾਵੇਂ ਸਮਾਂ ਪਾਕੇ ਉਨ੍ਹਾਂ ਤੇ ਗੁਲਾਬ ਹੱਸਣੇ,
ਪਰ ਅੰਦਰੋਂ ਪੁਰਾਣੀਆਂ ਨਾਂ ਪੀੜਾਂ ਜਾਣੀਆਂ।

ਜੇ ਤੂੰ ਫੇਰ ਇਨ੍ਹਾਂ ਟਾਣੀਆਂ ਦੀ ਛਾਂ ਮਾਨਣੀ,
ਸਾਡੇ ਵਸਦੇ ਤੇ ਰਸਦੇ ਦੁਆਬ ਰਹਿਣ ਦੇ,
ਸਾਡੇ ਵਿਹੜੇ ਵਿਚ ਕੋਈ ਤਾਂ ਗੁਲਾਬ ਰਹਿਣ ਦੇ।

ਜਿਨ੍ਹਾਂ ਘਰਾਂ ਦੀਆਂ ਹਿੱਕਾਂ 'ਚ ਸੁਰਾਖ ਹੋ ਗਏ।
ਜਿਨ੍ਹਾਂ ਕੰਜਕਾਂ ਦੇ ਖ਼ਾਬਾਂ ਦੀ ਹੈ ਨੱਥ ਲੱਥ ਗਈ,
ਜਿਹੜੇ ਨਿੱਕੇ ਨਿੱਕੇ ਬਸਤੇ ਨੇ ਰਾਖ ਹੋ ਗਏ।

ਮੇਰੀ ਮਿੱਟੀ ਸਿਰ ਹੁਣ ਐਵੇਂ ਤੋਹਮਤਾਂ ਨਾ ਲਾ।
ਏਸ ਮਿੱਟੀ ਦੀ ਓਵੇਂ ਆਬ ਤਾਬ ਰਹਿਣ ਦੇ
ਸਾਡੇ ਵਿਹੜੇ ਵਿਚ ਕੋਈ ਤਾਂ ਗੁਲਾਬ ਰਹਿਣ ਦੇ।

ਜਿਹੜੇ ਖ਼ੰਜਰਾਂ ਨੂੰ ਖ਼ੂਨ ਦੇ ਚੜ੍ਹਾਵੇ ਤੂੰ ਚੜ੍ਹਾਏ,
ਜਿਹੜੇ ਮੰਦਰਾਂ ਨੂੰ ਸਾੜਕੇ ਤੂੰ ਰੱਬ ਰਾਜ਼ੀ ਕੀਤੇ।
ਜਿਹੜੇ ਪਾਕ ਕਿਤਾਬਾਂ ਉਤੇ ਨਾਚ ਨੇ ਤੂੰ ਨੱਚੇ

ਜਿਹੜੇ ਲਾਸ਼ਾਂ ਦੇ ਸਰਾਣੇ ਬਹਿ ਕੇ ਜਾਮ ਨੇ ਤੂੰ ਪੀਤੇ
ਆਪੇ ਭਾਈਚਾਰਾ ਇਕ ਦਿਨ ਕਰੇਗਾ ਹਿਸਾਬ
ਹਾਲੇ ਸਾਰੇ ਹੀ ਹਿਸਾਬ ਤੇ ਕਿਤਾਬ ਰਹਿਣ ਦੇ
ਸਾਡੇ ਵਿਹੜੇ ਵਿਚ ਕੋਈ ਤਾਂ ਗੁਲਾਬ ਰਹਿਣ ਦੇ।

## ਭਰਤੀ

ਦਹਿਸ਼ਤ ਪਸੰਦਾਂ ਵਲੋਂ ਭਰਤੀ ਕੀਤੀ
ਜਾ ਰਹੀ ਸੀ।

—ਡਕੈਤ ਭਰਤੀ ਹੋਣ ਲਈ ਆਇਆ।
—ਭਰਤੀ ਕਰ ਲਿਆ ਗਿਆ
—ਕਾਤਲ ਭਰਤੀ ਹੋਣ ਲਈ ਆਇਆ।
—ਭਰਤੀ ਕਰ ਲਿਆ ਗਿਆ

—ਜਬਰਜਨਾਹ ਦੇ ਦੋਸ਼ ਵਿਚ ਸਜ਼ਾ ਭੁਗਤ ਚੁਕਾ, ਭਰਤੀ ਹੋਣ ਲਈ ਆਇਆ।
—ਭਰਤੀ ਕਰ ਲਿਆ ਗਿਆ
—ਧਾਰਮਿਕ ਜਨੂੰਨ 'ਚ ਅੰਨ੍ਹਾ ਭਰਤੀ ਹੋਣ ਲਈ ਆਇਆ।
—ਭਰਤੀ ਕਰ ਲਿਆ ਗਿਆ

—ਅਮਨ, ਏਕਤਾ, ਦੇਸ਼ ਦੀ ਅਖੰਡਤਾ ਵਿਚ ਵਿਸ਼ਵਾਸ ਰੱਖਣ ਵਾਲਾ ਆਇਆ। ਭਰਤੀ ਕਰ ਰਹੇ ਅਫਸਰ ਨੇ ਉਸਨੂੰ ਆਖਿਆ, "ਤੂੰ ਗਲਤ ਥਾਂ ਤੇ ਆ ਗਿਐਂ। ਤੇਰਾ ਨਾਂ ਤਾਂ ਸਾਡੀ ਹਿੱਟ ਲਿਸਟ ਤੇ ਹੈ"

ਜਾਂਗਲੀ


ਬੰਬੇ ਸਵੀਟਸ ਮੈਨੂਫੈਕਚਰਰ ਇਨਕ
ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!
BOMBAY SWEETS MANUFACTURER INC.
6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
NARESH SHUKLA & BROS.

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75



ਏ. ਡੀ. ਬਾਰੀਆ ਐਲ. ਐਲ. ਬੀ.
ਵਕੀਲ
ਜੋ ਤੁਹਾਡੇ ਨਾਲ ਪੰਜਾਬੀ ਵਿਚ ਗੱਲਬਾਤ ਕਰ ਸਕਦੇ ਹਨ
- ਪਰਸਨਲ ਸੱਟਾਂ
- ਫੈਮਿਲੀ ਮਾਮਲੇ ਤੇ ਡਾਈਵੋਰਸ
- ਰੀਅਲ ਇਸਟੇਟ ਦੇ ਮਾਮਲੇ

ਹੋਰ ਕਿਸੇ ਵੀ ਕਾਨੂੰਨੀ ਸਲਾਹ ਲਈ ਮਿਲੋ — ਮਸ਼ਵਰਾ ਮੁਫਤ ਦੇਣਗੇ
Arsad Dara Baria LL.B.
Lawyer
Ste. 209-6330 Fraser St., Vancouver, B.C.
Ph. 321-8300

# ਸਿੱਖ ਅਤੇ ਮਾਸ

**ਮੇਹਰ ਸਿੰਧ ਸੰਧੂ, ਵੈਨਕੂਵਰ**

ਸੱਜਣੋ । ਸਾਡੇ ਦੇਸ ਦੀ ਜਹਾਲਤ ਨੂੰ ਕਿੱਥੋਂ ਤੱਕ ਬਿਆਨ ਕੀਤਾ ਜਾਵੇ ਜਿਧਰ ਦੇਖੋ ਪਖੰਡ ਹੀ ਪਖੰਡ ਪਸਰਿਆ ਦਿਖਾਈ ਦੇ ਰਿਹਾ ਹੈ, ਭਾਵੇਂ ਦਸ ਗੁਰੂ ਵਿਅਕਤੀਆਂ ਵਲੋਂ ਇਨ੍ਹਾਂ ਪਖੰਡਾਂ ਦੇ ਦੂਰ ਕਰਨ ਦਾ ਕਾਫੀ ਯਤਨ ਕੀਤਾ ਗਿਆ ਹੈ। ਪ੍ਰੰਤੂ ਫਿਰ ਭੀ ਡਿੰਭੀਆਂ ਅਤੇ ਪਖੰਡੀਆਂ ਪਾਸੋਂ ਸਾਰੀ ਦੁਨੀਆਂ ਬਚ ਨਹੀਂ ਸਕੀ ਜਿਹਾ ਕਿ ਸਿਖ ਕੌਮ ਅੰਦਰ ਮਾਸ ਖਾਣ ਦੇ ਮੁਤੱਲਕ ਖਾਹਮਖਾਹ ਹੀ 'ਝਗੜਾ' ਚਲਾ ਆਉਂਦਾ ਹੈ ਹਾਲਾਂ ਕਿ ਗੁਰਬਾਣੀ ਵਲੋਂ ਮਾਸ ਖਾਣ ਨੂੰ 'ਪਾਪ' ਜਾਂ ਬੁਰਾ ਆਖਣਾ ਤਾਂ ਇਕ ਪਾਸੇ ਰਿਹਾ ਇਸ ਉਤੇ ਬਹਿਸ ਕਰਨ ਵਾਲੇ ਨੂੰ ਭੀ 'ਮੂਰਖ' ਦਾ ਦਰਜਾ ਦਿੱਤਾ ਗਿਆ ਹੈ । ਜੈਸੇ .....

ਮਾਸ ਮਾਸ ਕਰ ਮੂਰਖ ਝਗੜੇ, ਗਿਆਨੰ ਧਿਆਨ ਨਹਿ ਜਾਣੈ ॥
ਕਉਣ ਮਾਸ ਕਉਣ ਸਾਗੁ ਕਹਾਵੈ, ਕਿਸ ਮਹਿ ਪਾਪ ਸਮਾਣੈ ॥
(ਵਾਰ ਮਲਾਰ ਮ: 1)

ਦਰਅਸਲ ਜਿਨ੍ਹਾਂ ਸ਼ਬਦਾਂ ਦੇ ਗੂੜੇ ਭਾਵ ਨੂੰ ਅਸੀਂ ਸਮਝ ਨਹੀਂ ਸਕਦੇ ਉਨ੍ਹਾਂ ਨੂੰ ਮਾਸ ਦੇ ਖੰਡਨ ਵਿਚ ਹੀ ਮਿਥ ਲੈਂਦੇ ਹਾਂ ਜਾਂ ਕਹੋ ਜਾਣ ਬੁਝ ਕੇ ਆਪਣਾ ਉਲੂ ਸਿਧਾ ਕਰਨ ਲਈ ਆਪਣੀ ਮਨਮਰਜ਼ੀ ਦਾ ਅਰਥ ਲਾ ਲੈਂਦੇ ਹਨ ।

ਜੀਆ ਕਾ ਆਹਾਰ ਜੀਅ ਖਾਣਾ ਏਹੁ ਕਰੇਇ ॥
ਵਿਚਿ ਉਪਾਏ ਸਾਇਰਾਂ, ਤਿਨਾ ਭਿ ਸਾਰ ਕਰੇਇ ॥
ਨਾਨਕ ਚਿੰਤਾ ਮਤਿ ਕਰਹ, ਚਿੰਤਾ ਤਿਸ ਹੀ ਹੇਇ ॥
(ਵਾਰ ਰਾਮਕਲੀ ਮ: 2)

ਦਰ ਅਸਲ ਵਾਹਿਗੁਰੂ ਨੇ ਸਾਰੇ ਹੀ ਜੀਆਂ ਨੂੰ ਖੁਰਾਕ ਵੰਡ ਕੇ ਦਿੱਤੀ ਹੈ ਭਾਵ ਛੋਟੇ ਜਾਨਵਰਾਂ ਵੱਡੇ ਜਾਨਵਰਾਂ ਨੂੰ ਖਾ ਕੇ ਗੁਜ਼ਾਰਾ ਕਰਦੇ ਹਨ । ਉਂਝ ਨਿਰੰਕਾਰ ਦੀ ਇਹ ਅਸਚਰਜ ਲੀਲ੍ਹਾ ਹੈ, ਕਿ ਇਤਨੇ ਖਾਧੇ ਜਾਣ ਨਾਲ ਵੀ ਜੀਵ ਮੁਕਦੇ ਨਹੀਂ । ਹੁਣ ਜੇ ਸੋਚਿਆ ਜਾਵੇ ਤਾਂ ਕਈ ਖਾਣ ਵਾਲੀਆਂ ਚੀਜ਼ਾਂ ਜਾਨਵਰਾਂ ਤੇ ਮਨੁੱਖਾਂ ਦੀਆਂ ਭੀ ਸਾਂਝੀਆਂ ਹਨ — ਜਿਹਾ ਕਿ ਮਾਸ, ਫਲ ਫਰੂਟ ਅਤੇ ਅਨਾਜ ਪ੍ਰੰਤੂ ਫਰਕ ਇਤਨਾ ਜ਼ਰੂਰ ਹੈ ਕਿ ਬਾਕੀ ਜੂਨਾਂ ਕੱਚਾ ਪੱਕਾ ਹੀ ਖਾ ਲੈਂਦੀਆਂ ਹਨ ਪਰ ਮਨੁੱਖ ਮਾਲਕ ਦੀ ਬਖਸ਼ੀ ਹੋਈ ਸਮਝ ਦਵਾਰਾ 'ਸਾਗ ਭਾਜੀ' ਅੰਨ ਤੇ 'ਮਾਸ' ਨੂੰ ਰਿਨ੍ਹ ਕੇ ਬਣਾ ਸਵਾਰ ਕੇ ਖਾਂਦਾ ਹੈ ।

ਆਓ ਹੁਣ ਜਿਹੜੇ ਭੱਦਰ ਪੁਰਸ਼ 'ਮਹਾਂ ਪ੍ਰਸ਼ਾਦ' (ਮਾਸ) ਨੂੰ ਤਾਂ ਖਾਂਦੇ ਨਹੀਂ ਪ੍ਰੰਤੂ ਦੁਨੀਆਂ ਭਰ ਦੇ ਵਲ ਫਰੇਬ ਧੋਖੇ ਬਾਜ਼ੀਆਂ ਅਥਵਾ 'ਗਰੀਬਾਂ ਦੇ ਖੂਨ ਪੀਂਦੇ' ਹੋਏ ਭੀ ਆਪਣੇ ਆਪ ਨੂੰ ਧਰਮੀਆਂ ਦੀ ਸ਼ਰੇਣੀ ਅੰਦਰ ਗਿਣਦੇ ਹਨ. ਉਨ੍ਹਾਂ ਬਾਬਤ ਬਾਣੀ ਗੁਰੂ ਜੀ ਦੇ ਖਿਆਲ ਸੁਣੋ ।

ਪੰਡੀਆ ਕਵਨ ਕੁਮਤਿ ਤੁਮ ਲਾਗੇ ॥
ਬੂਝਹੁਗੇ ਪ੍ਰਵਾਰ ਸਕਲ ਸਿਉ,
ਰਾਮ ਨ ਜਪਹੁ ਅਭਾਗੇ
ਬੇਦ ਪੁਰਾਨ ਪੜੇ ਕਾ ਕਿਆ ਗੁਨੁ,
ਖਰ ਚੰਦਨ ਜਸ ਭਾਰਾ ॥
ਰਾਮ ਨਾਮ ਕ ਗਤਿ ਨਹੀਂ ਜਾਨੀ,
ਕੈਸੇ ਉਤਰਸਿ ਪਾਰਾ ॥
ਜੀਅ ਬਧਹੁ ਸੁ ਧਰਮੁ ਕਰਿ ਥਾਪਹੁ,
ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿ ਵਰ ਕਰਿ ਥਾਪਹੁ,
ਕਾ ਕਉ ਕਹਹੁ ਕਸਾਈ ।
ਮਨ ਕੇ ਅੰਧੇ ਆਪਿ ਨ ਬੂਝਹੁ,
ਕਾਹਿ ਬੁਝਾਵਹੁ ਭਾਈ ॥
ਮਾਇਆ ਕਾਰਨ ਬਿਦਿਆ ਬੇਚਹੁ,
ਜਨਮੁ ਅਬਿਰਥਾ ਜਾਈ ॥
ਨਾਰਦ ਬਚਨ ਬਿਆਸੁ ਕਹਤ ਹੈ,
ਸੁਕ ਕਉ ਪੂਛਹੁ ਜਾਈ ॥
ਕਹਿ ਕਬੀਰ ਰਾਮੈ ਰਮਿ ਛੂਟਹੁ,
ਨਾਹਿ ਤ ਬੂਡੇ ਭਾਈ ॥ (ਮਾਰੂ ਕਬੀਰ ਜੀ)

ਭਾਵ । ਪਾਧਾ ਜਾਂ 'ਪੂਜਾ ਦਾ ਧਾਨ' ਖਾਣ ਵਾਲੇ ਮਸੰਦ ਜੀ ਤੁਸੀਂ ਕੇਹੜੀ ਕੁੱਮਤੇ ਲਗ ਗਏ ਹੋ । ਯਾਦ ਰੱਖੋ ਪੀੜੇ ਜਾਵੋਗੇ ਕਿਉਂਕਿ ਤੁਸੀਂ ਰਾਮ ਨਾਮ ਅਥਵਾ ਗੁਰੂ ਬਾਣੀ ਦੇ ਭਾਵ ਨੂੰ ਨਾ ਸਮਝਦੇ ਹੋਏ ਪੋਪ ਰਸਮ ਦਾ ਪ੍ਰਚਾਰ ਕਰਦੇ ਹੋ ।

ਗਰਜ਼ ਤੁਹਾਡਾ ਪੜ੍ਹਨਾ ਅਤੇ ਸੁਨਣਾ ਉਸ ਖੋਤੇ ਦੀ ਮਾਨਿੰਦ ਹੈ ਜਿਸ ਉਤੇ ਚੰਦਨ ਲਦਿਆ ਹੋਇਆ ਹੋਣ ਕਰਕੇ ਭੀ ਉਸ ਨੂੰ ਕੋਈ ਲਾਭ ਨਹੀਂ ਕਿਉਂਕਿ ਉਸ ਵਿਚਾਰੇ ਨੂੰ ਖੁਸ਼ਬੂ ਲੈਣ ਦਾ ਮਾਦਾ ਹੀ ਨਹੀਂ ।

ਆਪ ਬਾਣੀ ਪੜ੍ਹਦੇ ਹੋ ਪਰ ਆਪ ਉਤੇ ਕੋਈ ਅਸਰ ਨਹੀਂ ਹੁੰਦਾ। ਕੀ ਇਹ ਤੁਅੱਜਬ ਨਹੀਂ ?

ਕਿ ਆਪ ਜੀਆਂ ਦਾ ਘਾਤ ਅਥਵਾ ਖੂਨ ਪੀਂਦੇ ਹੋਏ ਭੀ ਆਪਣੇ ਆਪ ਨੂੰ ਧ਼ਰਮੀ ਅਤੇ ਰਿਸ਼ੀ ਮੁਨੀ ਮੰਨਦੇ ਹੋ ਤਾਂ ਫਿਰ ਆਪ ਦੇ ਮੁਕਾਬਲੇ ਤੇ (ਕਸਾਈ) ਪਾਪੀ ਕਿਹੜਾ ਹੋਇਆ ?

ਆਖਿਰ ਸਾਹਿਬ ਕੀਬਰ ਜੀ ਆਖਦੇ ਹਨ, ਓਏ ਅੰਨ੍ਹਿਓਂ ਤੁਸੀਂ ਆਪਣੇ ਪੜ੍ਹੇ ਨੂੰ ਆਪ ਤਾਂ ਮੰਨਦੇ ਨਹੀਂ ਹੋਰ ਕਿਸੇ ਨੂੰ ਕੀ ਸਮਝਾਉਂਦੇ ਹੋ। ਭਾਵ ਤੁਸਾਂ ਕਿਸੇ ਨੂੰ ਕੀ ਰਾਹੇ ਪਾਉਣਾ ਹੈ ਜਿਹੜੇ ਆਪ ਹੀ ਲੋਭ ਦੀ ਲਹਿਰ ਅੰਦਰ ਹਲਕੇ ਹੋਏ ਹੋਏ ਨਾਮ ਬਾਣੀ ਨੂੰ ਵੇਚ ਰਹੇ ਹੋ ।

ਅਗੇ ਹੋਰ ਸੁਣੋ .......

ਬਗਾ ਬਗੇ ਕਪੜੇ, ਤੀਰੁ ਮੰਝਿ ਵਸੰਨਿ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ ॥
(ਸੂਹੀ ਮ: 1)

ਸਜਣ ਜੀ, ਇਸ ਗੱਲ ਨੂੰ ਤਾਂ ਹਰ ਕੋਈ ਜਾਣਦਾ ਹੈ ਕਿ ਤੀਰਥਾਂ ਉਤੇ ਪਾਂਡੇ ਅਥਵਾ ਬਾਹਮਣ ਹੀ ਰਹਿੰਦੇ ਹਨ ਭਾਵੇਂ ਉਹ ਰਿੱਝਾ ਹੋਇਆ ਮਾਸ ਤਾਂ ਘੱਟ ਖਾਂਦੇ ਹੋਣਗੇ ਪਰ ਗਰੀਬ ਯਾਤਰੂਆਂ ਦਾ ਲਹੂ ਜ਼ਰੂਰ ਪੀਂਦੇ ਹਨ।

ਪੂਜਾ ਤਿਲਕ ਕਰਤ ਇਸਨਾਨਾ ॥
ਛੁਰੀ (ਪੜ੍ਹੀ) ਕਾਢਿ ਲੇਵੈ ਹਥਿ ਦਾਨਾ ॥

ਬੜਾ ਦਾਨਾ ਹੈ ਕਿਸੇ ਦੀ ਗੰਢ ਨਹੀਂ ਕਟਦਾ ਉਂਝ ਢੰਗ ਨਾਲ ਦੁਨੀਆਂ ਨੂੰ ਦਾਨ ਆਖ ਕੇ ਲੁਟਦਾ ਹੈ

ਵੇਦੁ ਪੜੈ ਮੁਖਿ ਮੀਠੀ ਬਾਣੀ ॥
ਜੀਆ ਕੁਹਤ ਨ ਸੰਗੈ ਪ੍ਰਾਣੀ ॥
ਕਹੁ ਨਾਨਕ ਜਿਸੁ ਕਿਰਪਾ ਧਾਰੈ ॥
ਹਿਰਦਾ ਸੁੱਧੁ ਬ੍ਰਹਮ ਬੀਚਾਰੈ ॥ (ਗਉੜੀ ਮ: 5 )

ਕਈ ਹੋਰ ਬ੍ਰਾਹਮਣ, ਗ੍ਰੰਥੀ, ਪਾਠੀ ਅਤੇ ਪ੍ਰਚਾਰਕ ਦੇਖਣ ਵਿਚ

ਬਾਕੀ ਪੰਨਾ 25 'ਤੇ

**The Manitoba Mirror**

**ਮੈਨੀਟੋਬਾ ਦਰਪਣ**

ਵਿੰਨੀਪੇਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ੍ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

**Ph. Off: (204) 694-5000**

**Res: 694-3198**

**Pager 942-7788 #02284**


Sales Representative

**REMAX REALTY** 10 - 2230 McPhillps St., Winnipeg, MB R2V 3C8



ਵਿੰਨੀਪੇਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

**ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ**







ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

**ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ**

ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

**ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ**

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

**Kohinoor Jewellers & Fabric Centre**

953 Notre Dame. Ave. WINNIPEG, MAN. R3E 0M8 **Ph. Bus. 772-3937**

**Res. 633-6567**

# ਪੰਜਾਬ ਵਿਚ ਅਕਾਲੀ ਲੀਡਰਸ਼ਿਪ ਦਾ ਸੰਕਟ

**ਪ੍ਰੋ: ਪਿਆਰਾ ਸਿੰਘ ਭੋਗਲ**

ਤਾਮਿਲਨਾਡੂ ਦੇ ਮੁੱਖ ਮੰਤਰੀ ਸ੍ਰੀ ਰਾਮਾਚੰਦਰਨ ਲਗਪਗ ਅਪਾਹਜ ਹਨ। ਹੁਣੇ ਹੁਣੇ ਉਹ ਅਮਰੀਕਾ ਤੋਂ ਇਲਾਜ ਕਰਾ ਕੇ ਮੁੜੇ ਹਨ ਕਈ ਸਾਲ ਪਹਿਲਾਂ ਉਹ ਇਨੇ ਸਖਤ ਬਿਮਾਰ ਹੋ ਗਏ ਸਨ ਕਿ ਕਈ ਮਹੀਨੇ ਅਮਰੀਕਾ 'ਚ ਇਲਾਜ ਅਧੀਨ ਰਹੇ। ਵਾਪਸ ਆਏ, ਤਾਂ ਮੰਨਿਆ ਗਿਆ ਕਿ ਉਹ ਤੰਦਰੁਸਤ ਨਹੀਂ ਹਨ। ਤਾਂ ਵੀ ਉਹ ਠੀਕ-ਠਾਕ ਹਨ ਪਰ ਉਨ੍ਹਾਂ ਦੀ ਪਾਰਟੀ ਵਿਚ ਹੀ ਨਹੀਂ, ਆਮ ਤਾਮਿਲ ਬੋਲਦੇ ਲੋਕਾਂ ਵਿਚ ਇਹ ਕਹਿਣ ਦੀ ਦਲੇਰੀ ਨਹੀਂ ਕਿ ਕੋਈ ਨਵਾਂ ਨੇਤਾ ਚੁਣ ਲਿਆ ਜਾਵੇ। ਜਿਵੇਂ ਸ੍ਰੀ ਜਵਾਹਰ ਲਾਲ ਨਹਿਰੂ ਦੇ ਅੰਤਲੇ ਸਾਲਾਂ ਵਿਚ ਭਾਰਤ ਤੋਂ ਲੈ ਕੇ ਬਰਤਾਨੀਆਂ ਤੇ ਅਮਰੀਕਾ ਤਕ ਦੇ ਪੱਤਰਕਾਰਾਂ ਨੇ ਇਸ ਪ੍ਰਸ਼ਨ ਬਾਰੇ ਲੇਖ ਤੇ ਪੁਸਤਕਾਂ ਲਿਖੀਆਂ "ਨਹਿਰੂ ਦਾ ਉਤਰ-ਅਧਿਕਾਰੀ ਕੌਣ?" ਇਉਂ ਹੀ ਹੁਣ ਵੱਡੇ ਪੱਤਰਕਾਰਾਂ ਨੇ "ਸ੍ਰੀ ਰਾਮਾਚੰਦਰਨ ਦਾ ਉਤਰ-ਅਧਿਕਾਰੀ ਕੌਣ ਬਣੇਗਾ" ਬਾਰੇ ਵਾਦ-ਵਿਵਾਦ ਛੇੜ ਦਿੱਤਾ ਹੈ।

## ਵਿਰੋਧ

ਸ੍ਰੀ ਰਾਮਾਚੰਦਰਨ ਦਾ ਵਿਰੋਧ ਹੈ। ਕਰੁਣਾਨਿਧੀ ਦੂਜੇ ਰਾਮਾਚੰਦਰਨ ਹਨ। ਰਾਮਾਚੰਦਰਨ ਦੀ ਅੰਨਾ ਡੀ ਐਮ ਕੇ ਅਸਲ ਵਿਚ ਡੀ ਐਮ ਕੇ ਦਾ ਹੀ ਦੂਜਾ ਰੂਪ ਹੈ, ਜਿਸ ਦਾ ਨੇਤਾ ਕਰੁਣਾਨਿਧੀ ਹੈ। ਪਰ ਦੋਹਾਂ ਨੇਤਾਵਾਂ ਦੇ ਜੀਉਂਦੇ ਜੀਅ ਦੋਹਾਂ ਨੂੰ ਵੰਗਾਰਨਾ ਮੁਸ਼ਕਲ ਹੈ। ਜਦੋਂ ਡੀ ਐਮ ਕੇ (ਦਰਾਵੜ ਮਨੇਤਰਾ ਕੁੜਗਮ) ਤਾਕਤ ਵਿਚ ਨਹੀਂ ਆਈ ਸੀ, ਮਦਰਾਸ ਸੂਬੇ (ਅੱਜ ਕੱਲ੍ਹ ਤਾਮਿਲਨਾਡੂ) ਵਿਚ ਕਾਂਗਰਸ ਰਾਜ ਕਰ ਰਹੀ ਸੀ, ਉਦੋਂ ਪਹਿਲਾਂ ਰਾਜ ਗੋਪਾਲ ਆਚਾਰੀਆ ਤੇ ਫੇਰ ਕਾਮਰਾਜ ਆਪਣੇ ਖੇਤਰ ਦੇ ਅਣਵੰਗਾਰੇ ਨੇਤਾ ਸਨ। ਤਾਮਿਲਾਂ ਵਿਚ "ਤਾਮਿਲ ਰਾਸ਼ਟਰਵਾਦ" ਅਤੇ "ਨਾਇਕ-ਭਗਤੀ" ਦੇ ਇਹ ਦੋ ਜਜ਼ਬੇ ਕਈ ਵਗਾੜ ਵੀ ਪੈਦਾ ਕਰਦੇ ਹਨ, ਤਾਂ ਵੀ ਤਾਮਿਲਨਾਡੂ ਵਿਚ "ਰਾਜਨੀਤਕ ਸਥਿਤਰਾ ਤੇ ਏਕਤਾ" ਬਣਾਈ ਰੱਖਦੇ ਹਨ।

ਤਾਮਿਲਨਾਡੂ ਦੇ ਮੁਕਾਬਲੇ ਪੰਜਾਬ ਵਿਚ ਰਾਜਨੀਤਕ ਅਸਥਿਰਤਾ ਅਤੇ ਲੀਡਰਸ਼ਿਪ ਦਾ ਸੰਕਟ ਗੰਭੀਰ ਸਮੱਸਿਆ ਬਣਿਆ ਹੋਇਆ ਹੈ। ਇਸ ਵੇਲੇ ਪੰਜਾਬ ਵਿਚ "ਪਾਰਟੀਆਂ" ਹਨ "ਨੇਤਾ" ਨਹੀਂ ਹਨ। ਦੂਜੀਆਂ ਪਾਰਟੀਆਂ ਦੀ ਗੱਲ ਛੱਡ ਦਿਓ। ਅਕਾਲੀ ਅਤੇ ਖਾੜਕੂ ਨੌਜਵਾਨ, ਜੋ ਪੰਜਾਬ ਦੀਆਂ ਮੰਗਾਂ ਮੰਨਵਾਉਣ ਦੇ ਦਾਅਵੇਦਾਰ ਹਨ, ਇਸ ਵੇਲੇ ਬੁਰੀ ਤਰ੍ਹਾਂ ਨੇਤਾਹੀਣ ਹਨ। ਖਾੜਕੂ ਆਪਣੇ ਤੋਂ ਬਾਹਰੋਂ ਕਿਸੇ ਨੂੰ ਨੇਤਾ ਮੰਨਦੇ ਨਹੀਂ; ਆਪਣੇ ਵਿਚੋਂ ਉਨ੍ਹਾਂ ਨੇ ਕਿਸੇ "ਇਕ" ਨੂੰ ਨੇਤਾ ਬਣਨ ਨਹੀਂ ਦਿੱਤਾ। ਅਕਾਲੀਆਂ ਦਾ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹੀਦੀ ਤੋਂ ਬਾਅਦ ਕੋਈ ਸਾਂਝਾ ਨੇਤਾ ਨਹੀਂ। ਬਰਨਾਲਾ ਦਲ ਤੇ ਸੰਯੁਕਤ ਦਲ ਇਕੱਠੇ ਵੀ ਹੋ ਜਾਣ ਤਾਂ ਵੀ ਲੀਡਰਸ਼ਿਪ ਦਾ ਝਗੜਾ ਗੰਭੀਰ ਰੂਪ ਧਾਰਨ ਕਰ ਸਕਦਾ ਹੈ। ਹੁਣੇ ਹੁਣੇ ਸੰਯੁਕਤ ਦਲ ਦੀ ਪਟਿਆਲੇ ਵਿਚ ਮੀਟਿੰਗ ਹੋ ਕੇ ਹਟੀ ਹੈ। ਮੀਟਿੰਗ ਦੇ ਅੰਦਰ ਜਥੇਦਾਰ ਉਜਾਗਰ ਸਿੰਘ ਸੇਖਵਾਂ ਦੀ, ਜੋ ਕਾਇਮ ਮੁਕਾਮ ਮੁਖੀ ਹਨ, ਸਖਤ ਅਲੋਚਨਾ ਹੋਈ। ਅਗਲੇ ਦਿਨ ਲੋਕ ਸਭਾ ਦੇ ਚਾਰ ਮੈਂਬਰਾਂ ਅਤੇ ਵਿਧਾਨ ਸਭਾ ਦੇ ਨੌਂ ਮੈਂਬਰਾਂ ਨੇ ਵਿਧਾਨ ਸਭਾ ਪਾਰਟੀ ਦੇ ਨੇਤਾ ਅਮਰਿੰਦਰ ਸਿੰਘ ਵਿਰੁਧ ਤਕੜਾ ਬਿਆਨ ਦਾਗ ਦਿੱਤਾ। ਦੋਸ਼ ਲਾਇਆ ਕਿ ਉਹ ਕੇਂਦਰ ਦੇ ਇਸ਼ਾਰੇ ਉਤੇ ਪੰਜਾਬ ਵਿਚ ਨਵੀਂ ਅਕਾਲੀ ਸਰਕਾਰ ਬਣਾਉਣ ਲਈ ਉਤਾਵਲੇ ਹਨ। ਪਹਿਲੀ ਨਵੰਬਰ ਨੂੰ ਸੰਯੁਕਤ ਦਲ ਦੇ ਯੂਥ ਵਿੰਗ ਨੇ ਇਕ ਹੋਰ ਬਿਆਨ ਅਮਰਿੰਦਰ ਸਿੰਘ ਅਤੇ ਸੰਤ ਅਜੀਤ ਸਿੰਘ ਵਿਰੁਧ ਜਾਰੀ ਕੀਤਾ ਤੇ ਦੋਸ਼ ਲਾਇਆ ਕਿ ਨਟਵਰ ਸਿੰਘ (ਕੇਂਦਰ ਵਿਚ ਵਿਦੇਸ਼ ਵਿਭਾਗ ਵਿਚ ਮੰਤਰੀ) ਅਤੇ ਸ. ਬੂਟਾ ਸਿੰਘ ਗ੍ਰਹਿ ਮੰਤਰੀ ਨਾਲ ਮਿਲ ਕੇ ਇਹ ਦੋਵੇਂ ਸੱਜਣ ਪੰਜਾਬ ਵਿਚ ਸਰਕਾਰ ਬਣਾਉਣ ਦੇ ਯਤਨ ਕਰ ਰਹੇ ਹਨ। ਇਹ ਵੀ ਕਿਹਾ ਗਿਆ ਕਿ 26 ਅਕਤੂਬਰ ਜਾਂ 29 ਅਕਤੂਬਰ ਨੂੰ ਰਾਜਪਾਲ ਦੇ ਦਫਤਰ ਤੋਂ ਬਾਅਦ ਜੋ ਧਰਨਾ ਦਿੱਤਾ ਜਾਣਾ ਸੀ, ਉਹ ਅਮਰਿੰਦਰ ਸਿੰਘ ਨੇ ਤਾਰਪੀਡੋ ਕੀਤਾ, ਤਾਂ ਕਿ ਸਰਕਾਰ ਬਨਾਉਣ ਦੇ ਯਤਨਾਂ ਵਿਚ ਰੋਕ ਨਾ ਪਵੇ। ਚਾਰ ਮੈਂਬਰਾਨ ਪਾਰਲੀਮੈਂਟ ਤੇ ਨੌਂ ਵਿਧਾਨਕਾਰਾਂ ਨੇ ਤਾਂ ਇਹ ਵੀ ਆਖਿਆ ਸੀ ਕਿ ਜੇ ਜੇਲ੍ਹ ਵਿਚ ਬੈਠੇ ਪ੍ਰਕਾਸ਼ ਸਿੰਘ ਬਾਦਲ ਨੇ ਵੀ ਸਰਕਾਰ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਪ੍ਰਵਾਨ ਨਹੀਂ ਕੀਤੀ ਜਾਵੇਗੀ।



ਅਸਲ ਵਿਚ ਇਸ ਵੇਲੇ ਕੇਂਦਰ ਸਰਕਾਰ ਪੰਜਾਬ ਬਾਰੇ ਦੋ-ਚਿੱਤੀ ਵਿਚ ਹੈ।

11 ਮਈ 1987 ਨੂੰ ਬਰਨਾਲਾ ਸਰਕਾਰ ਤੋੜੀ ਗਈ ਸੀ। ਨਵੰਬਰ ਵਿਚ ਛੇ ਮਹੀਨੇ ਲਈ ਰਾਜਪਾਲ ਦਾ ਪ੍ਰਸ਼ਾਸਨ ਹੋਰ ਵਧਾ ਦਿੱਤਾ ਗਿਆ। ਕੇਂਦਰ ਸ਼ਾਇਦ ਬਰਨਾਲਾ ਵਰਗਾ ਇਕ ਹੋਰ ਸਹਿਯੋਗੀ ਮੁੱਖ ਮੰਤਰੀ ਲੱਭਣਾ ਚਾਹੁੰਦਾ ਹੈ। ਕੇਂਦਰ ਨੂੰ ਇਸ ਦੇ ਕਈ ਲਾਭ ਹਨ। ਬਰਨਾਲੇ ਤੋਂ ਬਾਅਦ ਹੁਣ ਬਾਕੀ ਰਹਿੰਦੀ ਅਕਾਲੀ ਲੀਡਰਸ਼ਿਪ ਦਾਗੀ ਤੇ ਬੇਅਸਰ ਕੀਤੀ ਜਾਵੇਗੀ। ਕੇਂਦਰ ਸਿੱਧਾ ਪੰਜਾਬ ਦੀ ਹਿੰਸਾ ਦਾ ਮੁਕਾਬਲਾ ਕਰਨ ਦੀ ਥਾਂ ਕਿਸੇ ਅਕਾਲੀ ਨੇਤਾ ਨੂੰ ਅੱਗੇ ਕਰਕੇ ਇਹ ਮੁਹਿੰਮ ਜਾਰੀ ਰੱਖਣਾ ਚਾਹੁੰਦਾ ਹੈ। ਸਿੱਖਾਂ ਦੀ ਆਪਸੀ ਲੜਾਈ ਇਉਂ ਵਧਦੀ ਹੈ ਤੇ ਸਿੱਖ ਸਾਰੇ ਭਾਰਤ ਵਿਚ ਹੋਰ ਬਦਨਾਮ ਤੇ ਕਮਜ਼ੋਰ ਹੁੰਦੇ ਹਨ

ਕੇਂਦਰ ਸਰਕਾਰ ਨੂੰ ਕੋਈ ਨਵਾਂ ਅਕਾਲੀ ਮੁੱਖ ਮੰਤਰੀ ਲੱਭ ਜਾਣ ਦੀ ਤਾਕ ਲਗਾਤਾਰ ਕਿਉਂ ਬਣੀ ਰਹੀ ਹੈ? ਵਰਤਮਾਨ ਅਕਾਲੀ ਲੀਡਰਸ਼ਿਪ ਵਿਚ ਸਰਕਾਰੀ ਤਾਕਤ ਹਥਿਆਉਣ ਦੀ ਬਹੁਤ ਭੁੱਖ ਹੈ। ਇਸ ਮਾਮਲੇ ਵਿਚ ਵਰਤਮਾਨ ਸਾਰੇ ਵੱਡੇ ਅਕਾਲੀ ਲੀਡਰ ਇਕੋ ਜਿਹੇ ਹਨ। ਮੁੱਖ ਮੰਤਰੀ ਪਦ ਦੇ ਚਾਹਵਾਨ ਵੀ ਕਈ ਹਨ। ਪਹਿਲਾਂ ਗੁਰਚਰਨ ਸਿੰਘ ਟੌਹੜਾ ਤੇ ਪ੍ਰਕਾਸ਼ ਸਿੰਘ ਬਾਦਲ ਦੀ ਇਸੇ ਮਾਮਲੇ ਵਿਚ ਸ਼ਰੀਕੇਬਾਜ਼ੀ ਸੀ। ਹੁਣ ਅਮਰਿੰਦਰ ਸਿੰਘ ਵੀ ਚਾਹਵਾਨ ਹਨ। ਅਮਰਿੰਦਰ ਸਿੰਘ ਦੀ ਰਿਸ਼ਤੇਦਾਰੀ ਦੂਰ ਤੱਕ ਹੈ। ਇਕ ਪਾਸੇ ਸ੍ਰੀ ਨਟਵਰ ਸਿੰਘ, ਜਿਨ੍ਹਾਂ ਨੇ "ਸ੍ਰੀਲੰਕਾ ਸਮਝੌਤਾ" ਕਰਾਉਣ ਵਿਚ ਵੱਡੀ ਭੂਮਿਕਾ ਨਿਭਾਈ, ਉਨ੍ਹਾਂ ਦੇ ਰਿਸ਼ਤੇਦਾਰ ਹਨ ਤੇ ਦੂਜੇ ਪਾਸੇ ਆਈ. ਪੀ. ਐਸ. ਤੋਂ ਅਸਤੀਫਾ ਦੇ ਚੁੱਕੇ ਸਿਮਰਨਜੀਤ ਸਿੰਘ ਮਾਨ, ਜੋ ਭਾਗਲਪੁਰ ਜੇਲ੍ਹ ਵਿਚ ਹਨ ਅਤੇ ਜਿਨ੍ਹਾਂ ਨਾਲ ਹਮਦਰਦੀ "ਤੱਤੇ ਸਿੱਖ ਅੰਸ਼ਾਂ" ਦੀ ਵੀ ਹੈ, ਉਨ੍ਹਾਂ ਦੇ ਸਾਂਢੂ ਹਨ। ਕੇਂਦਰ ਸਰਕਾਰ ਚਾਹੁੰਦੀ ਹੈ ਕਿ ਪੰਜਾਬ ਨੂੰ ਕੁਝ ਦਿੱਤੇ ਦੁਆਏ ਬਗੈਰ "ਸਰਕਾਰ" ਕਿਸੇ ਅਕਾਲੀ ਲੀਡਰ ਦੀ ਝੋਲੀ ਵਿਚ ਪਾਈ ਜਾਏ ਤੇ ਉਸ ਤੋਂ ਆਸ ਰੱਖੀ ਜਾਏ ਕਿ ਤੱਤੇ ਮੁੰਡਿਆਂ ਦੀ ਸਮੱਸਿਆ ਅੱਗੇ ਹੋ ਕੇ ਨਜਿੱਠੇ। ਕਾਂਗਰਸ ਦੀ ਲੰਬੇ ਸਮੇਂ ਦੀ ਨੀਤੀ ਇਹ ਵੀ ਹੈ ਕਿ ਕਿਸੇ ਦਿਨ ਨੂੰ ਪੰਜਾਬ ਵਿਚ ਅਕਾਲੀ ਕਾਂਗਰਸ ਕੁਲੀਸ਼ਨ ਬਣੇ, ਜਿਵੇਂ ਕਸ਼ਮੀਰ ਵਿਚ ਬਣਾਈ ਹੈ ਤੇ ਜਿਵੇਂ ਲੰਬੇ ਸਮੇਂ ਤੋਂ ਤਾਮਿਲਨਾਡੂ ਵਿਚ ਬਣਾਈ ਹੋਈ ਹੈ। ਕਾਂਗਰਸ ਨੂੰ ਆਸ ਹੈ, ਇਉਂ ਪੰਜਾਬ ਦੀ ਹਿੰਦੂ ਘੱਟ ਗਿਣਤੀ ਤੇ ਸਿਖ ਬਹੁ-ਗਿਣਤੀ ਦੋਹਾਂ ਦੀ ਤਸੱਲੀ ਹੋ ਸਕਦੀ ਹੈ ਤੇ ਦੋਹਾਂ ਨੂੰ ਨੇੜੇ ਨੇੜੇ ਲਿਆਂਦਾ ਜਾ ਸਕਦਾ ਹੈ।

ਅਸੀਂ ਕਈ ਵਾਰ ਲਿਖ ਚੁੱਕੇ ਹਾਂ ਕਿ ਇਸ ਵੇਲੇ ਸਭ ਤੋਂ ਵੱਡੀ ਲੋੜ ਕੋਈ ਅਜਿਹਾ ਰਾਜਨੀਤਕ ਲੋਕਤੰਤਰੀ ਅੰਦੋਲਨ ਚਲਾਉਣ ਦੀ ਹੈ, ਜੋ ਪੰਜਾਬ ਦੀਆਂ, ਅੱਖੋਂ ਪਰੋਖੇ ਕੀਤੀਆਂ ਜਾ ਰਹੀਆਂ ਮੰਗਾਂ ਵੱਲ ਇਕ ਵਾਰ ਫੇਰ ਧਿਆਨ ਕੇਂਦਰਤ ਕਰਾਵੇ। ਕੇਂਦਰ ਇਸ ਚਾਲ ਵਿਚ ਕਾਮਯਾਬ ਹੋ ਚੁੱਕਾ ਹੈ ਕਿ ਪੰਜਾਬ ਦੀਆਂ ਹਿੰਸਕ ਘਟਨਾਵਾਂ ਹੀ ਮੁੱਖ ਸਮੱਸਿਆ ਸਮਝੀ ਜਾਏ ਤਾਂ ਕਿ ਪਹਿਲਾ "ਪੰਜਾਬ ਸਮਝੌਤਾ" ਲਾਗੂ ਕਰਨ ਦੀ ਲੋੜ ਫੌਰੀ ਨਾ ਮਹਿਸੂਸ ਹੋਵੇ ਤੇ ਨਵਾਂ ਸਮਝੌਤਾ ਕੀਤਾ ਨਾ ਜਾਏ। ਇਸ ਨਾਲ ਸਿੱਖਾਂ ਦੀ ਅਤੇ ਪੰਜਾਬ ਦੀ ਬਦਨਾਮੀ ਦੀ, ਸ੍ਰੀਮਤੀ ਇੰਦਰਾ ਗਾਂਧੀ ਦੇ ਸਮੇਂ ਤੋਂ ਸ਼ੁਰੂ ਕੀਤੀ ਗਈ ਮੁਹਿੰਮ ਜਾਰੀ ਰਹਿੰਦੀ ਹੈ, ਭਾਰਤ ਦੀ ਮਜ਼ਬੀ

→


Non-smokers pay less for insurance.



Mohindar Singh Gill

MOHINDAR SINGH GILL
B. Comm., M.B.A., C.G.A.
Life Underwriter

Suite 1206,
4330 Kingsway,
Burnaby, B.C.

Ph. Off. 430-0455
Ph. Res. 433-1684

SunLife OF CANADA

Get your life in shape.

BUYING & SELLING
Farms, Home, Lots and Apartments
Contact:
Dilbag Singh Johal
ਦਿਲਬਾਗ ਸਿੰਘ ਜੌਹਲ
Ph. Off. (604)438-8161
Res. 325-0588
ਕਿਸੇ ਪ੍ਰਕਾਰ ਦੀ ਜਾਇਦਾਦ ਖ੍ਰੀਦਣ ਲਈ ਮਿਤਰਤਾ, ਈਮਾਨਦਾਰੀ ਅਤੇ ਤਜਰਬੇਕਾਰ ਸਲਾਹ ਮਸ਼ਵਰੇ ਲਈ ਸਾਨੂੰ ਮਿਲੋ ਜਾਂ ਫੋਨ ਕਰੋ



Canada Trust Realtor
The Canada Trust Company
2629 Kingsway, Vancouver, B.C. V5R 5H4

# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**

**Without any obligation, contact**

Buying, Selling or Trading

ਮਕਾਨ ਵੇਚਣ ਜਾਂ ਖ਼ੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

## UNITED REALTY LTD.

2443 Kingsway, Vancouver, B.C. V5R 5G8



**Ajaib S. Janda**



Large Selection of
Punjabi Books
For Sale

# SARI PALACE

Airline Tickets to
Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੌਸਰੀ, ਹਿੰਦੀ ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ ਤੇ ਮਿਲਦੀਆਂ ਹਨ । ਪੈਪਸੀ ਕੋਲਾ, ਸੈਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੌਦਾ ਤੁਹਾਨੂੰ ਸਾਡੀ ਫੈਸ਼ਨ ਤੋਂ ਮਿਲ ਸਕਦਾ ਹੈ ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded
Punjabi and Hindi cassette tapes & fabrics

News Papers Like
India West, Canada DarPan,
Also Sold Here
EVERY WEEK

**(916) 671-3105**

472 Palora Ave.
Yuba City
Calif. 95991



# MINT
# AUTO BODY LTD.

- **Complete Professional Auto Body Repairs and Refinishing on all makes and models**
- **I.C.B.C. claims handled promptly**
- **Complete framework** ■ **UNI - BODY repairs**
- **All work conditionally guaranteed**
- **Free estimates** ■ **Courtesy cars**

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



**Bhupinder(Bob) Sihota**



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



ਬਹੁਗਿਣਤੀ ਦਾ ਝੁਕਾਅ ਕਾਂਗਰਸ ਵੱਲ ਬਣਿਆ ਰਹਿੰਦਾ ਹੈ । "ਭ੍ਰਿਸ਼ਟਾਚਾਰ" ਬਾਰੇ ਕਾਂਗਰਸੀ ਆਗੂਆਂ ਦੀ ਭੰਡੀ ਵਲੋਂ ਵੀ ਲੋਕਾਂ ਦਾ ਧਿਆਨ ਹਟਿਆ ਰਹਿੰਦਾ ਹੈ ਪਰ ਕੇਂਦਰ ਦੀ ਇਸ ਚਤੁਰਤਾ ਤੋਂ ਬਚਣ ਦੀ ਲੋੜ ਹੈ, ਇਸੇ ਨਾਲ ਹੀ ਕੇਂਦਰ ਦੀ ਕਾਂਗਰਸ ਲੀਡਰਸ਼ਿਪ ਕਟਹਿਰੇ ਵਿਚ ਖੜ੍ਹੀ ਹੁੰਦੀ ਹੈ, ਇਸੇ ਨਾਲ ਖਾੜਕੂ ਹਿੰਸਾ ਵਲੋਂ ਧਿਆਨ ਹਟਦਾ ਹੈ । ਪਿਛੇ ਜਿਹੇ ਸ੍ਰੀ ਕੁਲਦੀਪ ਨਈਅਰ ਨੇ ਐਲਾਨ ਕੀਤਾ ਸੀ ਕਿ ਪੰਜਾਬ ਦੀਆਂ ਮੰਗਾਂ ਦੇ ਹੱਕ ਵਿਚ ਦਿੱਲੀ ਵਿਚ ਤੇ ਅੰਮ੍ਰਿਤਸਰ ਵਿਚ ਦਿੱਲੀ ਤੇ ਬੰਬਈ ਦੇ ਕੁਝ ਪ੍ਰਸਿੱਧ ਬੁੱਧੀਮਾਨ ਧਰਨੇ ਦੇਣਗੇ । ਇਸ ਪਿਛੋਂ ਸੰਯੁਕਤ ਅਕਾਲੀ ਦਲ ਨੇ ਵੀ ਪਹਿਲਾਂ ਅਕਤੂਬਰ ਵਿਚ ਚੰਡੀਗੜ੍ਹ ਧਰਨਾ ਦੇਣ ਦਾ ਐਲਾਨ ਕੀਤਾ । ਪਰ ਉਹ ਧਰਨਾ ਨਹੀਂ ਦਿੱਤਾ ਗਿਆ । ਉਸ ਦੀ ਥਾਂ ਪਟਿਆਲੇ ਵਿਚ ਕੀਤੀ ਗਈ ਮੀਟਿੰਗ ਵਿਚ ਸੰਯੁਕਤ ਅਕਾਲੀ ਦਲ ਦੀ ਹਾਈ ਕਮਾਨ ਆਪੋ ਵਿਚੀਂ ਉਲਝ ਪਈ । ਜਥੇਦਾਰ ਸੇਖਵਾਂ ਉਤੇ ਦੋਸ਼ ਲਾਏ ਗਏ । ਹੁਣ ਜਵਾਬ ਵਿਚ ਅਮਰਿੰਦਰ ਸਿੰਘ ਉਤੇ ਦੋਸ਼ ਲੱਗੇ ਹਨ । ਇਹ ਕਿਸ ਕਿਸਮ ਦੀ ਅਕਾਲੀ ਲੀਡਰਸ਼ਿਪ ਹੈ ? ਪੰਜਾਬ ਸੜ ਰਿਹਾ ਹੈ ਤੇ ਇਹ ਨੀਰੋ ਬੰਸਰੀ ਵਜਾ ਰਹੇ ਹਨ । ਕੀ ਇਨ੍ਹਾਂ ਵਿਚ ਅਣਖ ਤੇ ਸ਼ਰਮ ਬਿਲਕੁਲ ਨਹੀਂ ।

ਸਿੱਖ ਭਾਈਚਾਰੇ ਦੀਆਂ ਅਤੇ ਪੰਜਾਬ ਦੀਆਂ ਮੰਗਾਂ ਮੰਨਵਾਏ ਬਿਨਾਂ, ਇਸ ਵੇਲੇ, ਸਰਕਾਰ ਬਣਾ ਲੈਣਾ ਬਹੁਤ ਵੱਡੀ ਰਾਜਨੀਤਕ ਮੂਰਖਤਾ ਤੇ ਖੁਦਗਰਜ਼ੀ ਹੋਵੇਗੀ । ਅਸੀਂ ਇਹ ਨਹੀਂ ਕਹਿੰਦੇ, ਵਰਤਮਾਨ "ਪੁਲੀਸ ਰਾਜ" ਜਾਰੀ ਰਹੇ । ਕਦੇ ਮਨਬੀਰ ਸਿੰਘ ਚਹੇੜੂ ਤੇ ਕਦੇ ਅਰੂੜ ਸਿੰਘ ਦੇ ਭੱਜ ਜਾਣ ਦੀ ਕਹਾਣੀ ਬਣਾਉਣੀ ਤੇ ਫੇਰ ਉਨ੍ਹਾਂ ਦਾ ਨਾਮ ਨਿਸ਼ਾਨ ਹੀ ਨਾ ਲੱਭਣਾ ਸਭਿਆ ਰਾਜ ਦੀਆਂ ਨਿਸ਼ਾਨੀਆਂ ਨਹੀਂ । ਅਸੀਂ "ਖਾੜਕੂ ਹਿੰਸਾ" ਦੇ ਸਖਤ ਖਿਲਾਫ ਹਾਂ, ਪਰ ਪੁਲੀਸ ਦੀ ਹਿਰਾਸਤ ਵਿਚੋਂ ਭੱਜ ਜਾਣ ਤੇ ਪਿਛੋਂ ਮਾਰੇ ਜਾਣ ਦੀਆਂ ਖਬਰਾਂ ਵੀ ਪੰਜਾਬ ਨੂੰ ਸ਼ਾਂਤੀ ਵੱਲ ਨਹੀਂ ਲਿਜਾਣਗੀਆਂ । ਬਿਹਤਰ ਹੈ, ਛੇਤੀ ਤੋਂ ਛੇਤੀ ਪੰਜਾਬ ਦੀਆਂ ਜਾਇਜ਼ ਤੇ ਆਮ ਪ੍ਰਵਾਨਤ ਮੰਗਾਂ ਪ੍ਰਵਾਨ ਕੀਤੀਆਂ ਜਾਣ । ਕੁਝ ਲੋਕ ਫਿਰ ਵੀ ਅੜੇ ਰਹਿਣਗੇ, "ਮੈਂ ਨਾ ਮਾਨੂੰ" ਦੀ ਰੱਟ ਲਾਉਣਗੇ; ਪਰ ਉਨ੍ਹਾਂ ਨਾਲ ਬਹੁਤੀ ਲੋਕ ਰਾਏ ਨਹੀਂ ਹੋਵੇਗੀ ।

ਪਰ ਇਹ ਮੰਗਾਂ ਹੁਣ ਕੇਂਦਰ ਨੇ ਮੰਨਣੀਆਂ ਨਹੀਂ, ਜੇ ਉਸ ਉਤੇ ਲੋਕ ਦਬਾਓ ਨਾ ਪਿਆ । ਇਹ ਦਬਾਓ ਜਨਤਾ ਪਾਰਟੀ ਤੇ ਕਮਿਊਨਿਸਟ ਪਾਰਟੀਆਂ ਵੀ ਪਾ ਸਕਦੀਆਂ ਹਨ ਤੇ ਉਨ੍ਹਾਂ ਨੂੰ ਪਾਉਣਾ ਵੀ ਚਾਹੀਦਾ ਹੈ ਪਰ ਅਸਲੀ ਦਬਾਓ ਅਕਾਲੀ ਹੀ ਪਾ ਸਕਦੇ ਹਨ । ਸੀ ਪੀ ਆਈ ਨੇ ਇੰਨਾ ਵੱਡਾ ਦਿੱਲੀ ਤਕ ਮਾਰਚ ਕੀਤਾ; ਦਿੱਲੀ ਵਿਚ ਵਿਖਾਵਾ ਕੀਤਾ ਵੀ ਕੀਤਾ, ਇਹ ਮੰਗ ਕੀਤੀ ਕਿ ਪੰਜਾਬ ਦੀ ਸਮੱਸਿਆ ਦਾ ਰਾਜਨੀਤਕ ਹਲ ਕਰੋ, ਪਰ ਪ੍ਰਧਾਨ ਮੰਤਰੀ ਨੇ ਉਸ ਪਾਰਟੀ ਦੇ ਵਫਦ ਨੂੰ ਵੀ ਮੁਲਾਕਾਤ ਲਈ ਸਮਾਂ ਨਾ ਦਿੱਤਾ, ਜਿਸ ਨੇ ਪ੍ਰਧਾਨ ਮੰਤਰੀ ਨੂੰ ਗੱਦੀ ਤੋਂ ਉਤਾਰੇ ਜਾਣ ਦੀ ਵਿਰੋਧੀ ਪਾਰਟੀਆਂ ਦੀ ਮੁਹਿੰਮ ਦਾ ਵਿਰੋਧ ਕੀਤਾ ਸੀ ।

ਅਕਾਲੀ ਲੀਡਰਸ਼ਿਪ ਦਾ ਸੰਕਟ ਵੀ ਪੰਜਾਬ ਸਮੱਸਿਆ ਨੂੰ ਉਲਝਾਉਣ ਲਈ ਜ਼ਿਮੇਵਾਰ ਸਿਧ ਹੋਇਆ ਹੈ, ਜੇ ਹਿੰਸਾਵਾਦੀ ਤੱਤ ਪੰਜਾਬ ਦੀ ਰਾਜਨੀਤੀ ਵਿਚ ਉਭਰਨ ਦੇ ਮਾਮਲੇ ਵਿਚ ਕਾਂਗਰਸੀ ਗੁਨਾਹਗਾਰ ਹਨ, ਤਾਂ ਅਕਾਲੀ ਲੀਡਰਾਂ ਦੀ ਆਪਸੀ ਖਹਿਬਾਜ਼ੀ ਵੀ ਜ਼ਿਮੇਵਾਰ ਹੈ । ਅਕਾਲੀ ਤਾਂ ਹੀ ਬਚਦੇ ਹਨ ਤੇ ਰਾਜਨੀਤੀ ਵਿਚ ਚਲ ਸਕਦੇ ਹਨ, ਜੇ ਇਨ੍ਹਾਂ ਪਾਸ ਕੋਈ ਇਕ ਇਹੋ ਜਿਹਾ ਨੇਤਾ ਹੋਵੇ, ਜੋ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਵਾਂਗ ਮੁੱਖ ਮੰਤਰੀ ਬਣਨ ਜਾਂ ਲੋਕ ਸਭਾ ਤੇ ਰਾਜ ਸਭਾ ਵਿਚ ਜਾਣ ਦੀ ਲਾਲਚੀ ਨਾ ਹੋਵੇ । ਇਸ ਵੇਲੇ ਤਾਂ ਲਗਪਗ ਸਾਰੇ ਵੱਡੇ ਛੋਟੇ ਅਕਾਲੀ ਨੇਤਾ ਜਾਂ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਹਨ, ਜਾਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ ।

ਸਾਨੂੰ ਸ਼ੱਕ ਜਾਪਦਾ ਹੈ ਕਿ ਜੇ ਕੇਂਦਰ ਦੀ ਕਾਂਗਰਸ ਲੀਡਰਸ਼ਿਪ ਤੋਂ ਹੋ ਸਕਿਆ, ਤਾਂ ਪੰਜਾਬ ਸਮੱਸਿਆ ਨੂੰ 1989 ਦੀਆਂ ਲੋਕ ਸਭਾ



ਕੀਤਾ ਗਿਆ ਸਮਝੌਤਾ ਹੁਣ ਆਪਣੇ ਆਖਰੀ ਸਾਹ ਲੈ ਰਿਹਾ ਹੈ । ਇਸ ਸਮਝੌਤੇ ਨਾਲ ਪੰਜਾਬ ਅਤੇ ਸੰਪੂਰਨ ਦੇਸ਼ ਵਿਚ ਜੋ ਸਦਭਾਵਨਾ ਦੀ ਲਹਿਰ ਉੱਠੀ ਸੀ, ਉਹ ਆਤੰਕ, ਹੱਤਿਆਵਾਂ ਤੇ ਅਵਿਸ਼ਵਾਸ਼ ਦੇ ਰੇਗਿਸਤਾਨ ਵਿਚ ਗੁੰਮ ਹੁੰਦੀ ਦਿਖਾਈ ਦੇ ਰਹੀ ਹੈ । ਆਖਿਰ ਉਹ ਕੌਣ ਹਨ ਜੋ ਇਸ ਸਮਝੌਤੇ ਨੂੰ ਅੰਨੀਆਂ ਗਲੀਆਂ ਵਿਚ ਘਸੀਟ ਰਹੇ ਹਨ ?

ਦੀਆਂ ਚੋਣਾਂ ਤੱਕ ਲਟਕਾਉਣ ਦਾ ਯਤਨ ਕਰੇਗੀ । ਕਾਂਗਰਸ ਨੇ ਦਸੰਬਰ 1984 ਦੀਆਂ ਲੋਕ ਸਭਾ ਦੀਆਂ ਚੋਣਾਂ ਭਾਰਤੀ ਜਨਤਾ ਨੂੰ "ਆਨੰਦਪੁਰ ਪ੍ਰਸਤਾਵ" ਦਾ ਹਊਆ ਦਿਖਾ ਕੇ ਜਿੱਤੀਆਂ ਸਨ । ਚੋਣਾਂ ਜਿੱਤਿਆਂ ਤਿੰਨ ਸਾਲ ਹੋ ਗਏ ਹਨ । ਉਹੀ "ਆਨੰਦਪੁਰ ਪ੍ਰਸਤਾਵ" ਪਿਛੋਂ "ਕੇਂਦਰ ਅਤੇ ਸੂਬਿਆਂ ਦੇ ਅਧਿਕਾਰਾਂ ਦੀ ਵੰਡ" ਉਤੇ ਵਿਚਾਰ ਕਰਨ ਵਾਲੇ "ਸਰਕਾਰੀਆ ਕਮਿਸ਼ਨ" ਦੇ ਹਵਾਲੇ ਕਰ ਦਿੱਤਾ ਗਿਆ ਸੀ । ਜਸਟਿਸ ਰਣਜੀਤ ਸਿੰਘ ਸਰਕਾਰੀ ਅਤੇ ਉਨ੍ਹਾਂ ਦੇ ਦੋ ਸਾਥੀਆਂ ਨੇ ਆਪਣੇ ਕਮਿਸ਼ਨ ਦੀ ਰਿਪੋਰਟ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਅਕਤੂਬਰ ਦੇ ਅਖੀਰਲੇ ਹਫਤੇ ਪੇਸ਼ ਵੀ ਕਰ ਦਿੱਤੀ ਹੈ । ਪਤਾ ਨਹੀਂ ਕਿ ਕਮਿਸ਼ਨ ਦੇ ਰਿਪਰਟ ਵਿਚ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਸਿਫਾਰਸ਼ ਵੀ ਕੀਤੀ ਹੈ ਕਿ ਨਹੀਂ ? ਤਾਮਿਲਨਾਡੂ ਦੀ ਸਰਕਾਰ ਨੇ ਵੱਧ ਅਧਿਕਾਰਾਂ ਦੀ ਮੰਗ ਕਰਦਿਆਂ ਕਮਿਸ਼ਨ ਤੋਂ ਮੰਗ ਕੀਤੀ ਸੀ ਕਿ ਰਾਜਪਾਲ, ਜੋ ਸੂਬਿਆਂ ਵਿਚ ਕੇਂਦਰ ਦੀ ਨੁਮਾਇੰਦਗੀ ਕਰਦਾ ਹੈ, ਦੀ ਪਦਵੀ ਉਡਾ ਦੇਣੀ ਚਾਹੀਦੀ ਹੈ । ਪੱਛਮੀ ਬੰਗਾਲ ਦੀ ਮਾਰਕਸੀ ਸਰਕਾਰ ਨੇ ਵੀ ਵੱਧ ਅਧਿਕਾਰ ਮੰਗੇ ਸਨ ।

## ਹੰਭਲਾ

ਪੰਜਾਬ ਦੀ ਬਰਨਾਲਾ ਸਰਕਾਰ ਨੇ ਕਮਿਸ਼ਨ ਅੱਗੇ ਆਪਣਾ ਮੰਗ ਪੱਤਰ ਬਹੁਤ ਦੇਰ ਨਾਲ ਪੇਸ਼ ਕੀਤਾ ਸੀ, ਤਾਂ ਵੀ ਬਰਨਾਲਾ ਸਰਕਾਰ ਨੇ ਸੂਬਿਆਂ ਲਈ ਵੱਧ ਅਧਿਕਾਰ ਮੰਗੇ ਸਨ । ਕੇਂਦਰ ਨੇ ਇਕ ਵਿਸ਼ੇਸ਼ ਕਾਨੂੰਨ ਪਾਸ ਕਰਵਾ ਕੇ ਕਮਿਸ਼ਨਾਂ ਦੀਆਂ ਸਿਫਾਰਸ਼ਾਂ ਲੋਕ ਸਭਾ ਵਿਚ ਨਾ ਪੇਸ਼ ਕਰਨ ਦੀ ਆਗਿਆ ਲਈ ਹੋਈ ਹੈ । ਮਿਸ਼ਰਾ ਕਮਿਸ਼ਨ, ਮੈਥਿਊ ਕਮਿਸ਼ਨ, ਠੱਕਰ ਕਮਿਸ਼ਨ — ਕਿੰਨੇ ਹੀ ਕਮਿਸ਼ਨ ਆਪਣੀਆਂ ਸਿਫਾਰਸ਼ਾਂ ਪਿਛਲੇ ਤਿੰਨਾਂ ਸਾਲਾਂ ਵਿਚ ਪੇਸ਼ ਕਰ ਚੁਕੇ ਹਨ ਪਰ ਹਰ ਕਮਿਸ਼ਨ ਦੀ ਰਿਪੋਰਟ ਗੁਪਤ ਰੱਖ ਲਈ ਜਾਂਦੀ ਹੈ, ਤੇ ਉਹੀ ਹਿੱਸੇ ਤੇ ਸਿਫਾਰਸ਼ਾਂ ਦੱਸੀਆਂ ਜਾਂਦੀਆਂ ਹਨ, ਜੋ ਕੇਂਦਰੀ ਕਾਂਗਰਸ ਹਾਕਮਾਂ ਨੂੰ ਪ੍ਰਵਾਨ ਹੋਣ । ਸੋ, ਸਰਕਾਰੀਆ ਕਮਿਸ਼ਨ ਦੀ ਰਿਪੋਰਟ ਜੇ ਸੂਬਿਆਂ ਦੇ ਵੱਧ ਅਧਿਕਾਰਾਂ ਦੇ ਹੱਕ ਵਿਚ ਹੋਈ, ਤਾਂ ਨਹੀਂ ਦੱਸੀ ਜਾਏਗੀ । ਇਹ ਵੀ ਹੋ ਸਕਦਾ ਹੈ ਕਿ ਵੱਧ ਅਧਿਕਾਰਾਂ ਦੀ ਮੰਗ ਨੂੰ ਚੋਣ-ਮੁੱਦਾ ਬਣਾ ਕੇ ਤੇ ਇਹ ਕਹਿ ਕੇ ਕੇਂਦਰ ਨੂੰ ਕਮਜ਼ੋਰ ਕੀਤਿਆਂ "ਭਾਰਤ ਦੀ ਏਕਤਾ" ਟੁੱਟ ਜਾਏਗੀ, ਕਾਂਗਰਸ ਇਕ ਵਾਰ ਫਿਰ ਵੋਟਾਂ ਜਿੱਤਣ ਦਾ ਯਤਨ ਕਰੇ । ਪੰਜਾਬ ਦੇ ਖਾੜਕੂ ਨੌਜਵਾਨ, ਜੋ ਖਾਲਿਸਤਾਨ ਦੀ ਮੰਗ ਕਰਦੇ ਹਨ, ਪਹਿਲਾਂ ਹੀ ਪ੍ਰਚਾਰ-ਪ੍ਰਸਾਰ ਮਾਧਿਅਮ ਰਾਹੀਂ "ਦੇਸ਼ ਦੀ ਏਕਤਾ ਤੇ ਅਖੰਡਤਾ" ਲਈ ਖਤਰਾ ਦੱਸੇ ਜਾ ਰਹੇ ਹਨ । ਇਨ੍ਹਾਂ ਦਾ ਖੜਕਾ-ਦੜਕਾ ਜੇ ਅਗਲੇ ਦੋ ਸਾਲ ਜਾਰੀ ਰਹਿੰਦਾ ਹੈ, ਤਾਂ ਕਾਂਗਰਸ ਨੂੰ ਵੋਟਾਂ ਜਿੱਤਣ ਵਿਚ ਸਹਾਇਤਾ ਮਿਲਦੀ ਹੈ । ਇਉਂ ਪੰਜਾਬ ਦੀ ਹਿੰਸਾ ਨਾਲ ਭਾਵੇਂ ਪੰਜਾਬ ਦੇ ਹਿੰਦੂ ਤੇ ਸਿਖ ਦੋਵੇਂ ਮਰ ਰਹੇ ਹਨ, ਕਾਂਗਰਸ ਲੀਡਰਸ਼ਿਪ ਇਸ ਹਿੰਸਾ ਤੋਂ ਵੋਟਾਂ ਪ੍ਰਾਪਤ ਕਰ ਲੈਣ ਦਾ ਲਾਲਚ ਕਰ ਸਕਦੀ ਹੈ । ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਸ੍ਰੀਮਤੀ ਇੰਦਰਾ ਗਾਂਧੀ 1982 ਵਿਚ ਤਾਂ ਅਕਾਲੀਆਂ ਨਾਲ ਸਮਝੌਤਾ ਕਰਨ ਲਈ ਤਿਆਰ ਸੀ, ਪਰ 1983 ਵਿਚ ਉਸ ਦੀ ਨੀਤੀ ਬਦਲ ਗਈ ਸੀ । ਉਹ ਸਮਝੌਤੇ ਹੁੰਦੇ ਹੁੰਦੇ ਤੋੜਦੀ ਰਹੀ । ਕਾਰਨ ਇਹ ਸੀ ਕਿ ਲੋਕ ਸਭਾ ਦੀ ਚੋਣ 1984 ਵਿਚ ਸੀ, ਤੇ ਇਹ ਚੋਣ ਜਿੱਤਣ ਲਈ ਬਾਕੀ ਭਾਰਤ ਵਿਚ ਸ੍ਰੀਮਤੀ ਇੰਦਰਾ ਗਾਂਧੀ ਨੂੰ ਪੰਜਾਬ ਦੀ ਹਿੰਸਾ ਜਾਰੀ ਰਹਿਣੀ ਰਾਸ ਆਉਂਦੀ ਸੀ । ਹੁਣ ਵੀ ਅਗਾਲੀਆਂ ਚੋਣਾਂ ਵਿਚ ਸਿਰਫ ਦੋ ਸਾਲ ਰਹਿ ਗਏ ਹਨ । ਪ੍ਰਧਾਨ ਮੰਤਰੀ ਚਾਹੇ ਤਾਂ ਚੋਣਾਂ ਸਾਲ-ਛੇ ਮਹੀਨੇ ਪਹਿਲਾਂ ਵੀ ਹੋ ਸਕਦੀਆਂ ਹਨ ।

ਅਕਾਲੀਆਂ ਨੂੰ ਕੰਧ ਉਤੇ ਲਿਖਿਆ ਪੜ੍ਹਨਾ ਚਾਹੀਦਾ ਹੈ । ਅਕਾਲੀਆਂ ਦੀ ਆਪਸੀ ਲੜਾਈ ਅਤੇ ਖਾੜਕੂਆਂ ਦੀ ਹਿੰਸਾ ਕਾਂਗਰਸ ਦੀ ਅਗਾਮੀ ਚੋਣ-ਨੀਤੀ ਦੇ ਸ਼ਸਤਰ ਬਣ ਸਕਦੇ ਹਨ । ਅਕਾਲੀ ਪੰਜਾਬ ਦੀ ਬਦਕਿਸਮਤੀ ਨੂੰ ਕਾਂਗਰਸ ਦੀ ਖੁਸ਼ਕਿਸਮਤੀ ਨਾ ਬਣਨ ਦੇਣ ।

ਗੁਰਚਰਨ ਸਿੰਘ ਟੌਹੜਾ ਜੇਲ੍ਹ ਵਿਚ ਹਨ, ਪਰ ਬਾਹਰ ਬੈਠੇ ਅਕਾਲੀ ਨੇਤਾ ਵਜ਼ਾਰਤੀ ਲਾਲਚ ਥੋੜੀ ਦੇਰ ਲਈ ਤਿਆਗਣ ਤੇ ਪੰਜਾਬ ਦੀ ਹਾਰੀ ਹੋਈ ਬਾਜ਼ੀ ਨੂੰ ਜਿੱਤ ਵਿਚ ਬਦਲਣ ਲਈ ਹੰਭਲਾ ਮਾਰਨ । ਇਕ ਪਾਸੇ ਸੁਰਜੀਤ ਸਿੰਘ ਬਰਨਾਲਾ ਤੇ ਬਲਵੰਤ ਸਿੰਘ ਤੇ ਦੂਜੇ ਪਾਸੇ ਪ੍ਰਕਾਸ਼ ਸਿੰਘ ਬਾਦਲ, ਅਮਰਿੰਦਰ ਸਿੰਘ ਤੇ ਜਥੇਦਾਰ ਉਜਾਗਰ ਸਿੰਘ ਸੇਖਵਾਂ ਪੰਜਾਬ ਲਈ ਸੋਚਣ ਤੇ ਕੁਝ ਅਮਲੀ ਕਦਮ ਚੁੱਕਣ ।


IATA APPROVED OFFICE

**Dunhill Travel LTD.**

ਡਨਹਿਲ ਟਰੈਵਲ ਲਿਮ:

10 East Broadway, Vancouver, B.C., V5T 1V6

Ph. 875-9129

ATAC

Toll Free B.C., Alberta — 1-800-663-5116

Authorized Agents — PAN AM Singapore Airlines

ਆਥੋਰਾਈਜ਼ਡ ਟਿਕਟ ਏਜੰਟ

ਸਿੰਗਾਪੁਰ ਏਅਰਲਾਈਨਜ਼ 'ਤੇ ਸਫ਼ਰ ਕਰੋ

ਦਿੱਲੀ, ਬੰਬਈ, ਮਦਰਾਸ, ਕਲਕੱਤਾ, ਢਾਕਾ, ਕਰਾਚੀ

AMSTERDAM from $325 US one way

PAN AM

Special London Sale from $279 U.S. One way

FRANKFURT from $309 U.S. one way

ਖੁਸ਼ਖਬਰੀ!

ਡਨਹਿਲ ਟਰੈਵਲ ਦਾ ਦੂਜਾ ਦਫਤਰ ਐਡਮਿੰਟਨ ਵਿਚ ਖੁਲ੍ਹ ਗਿਆ

ਐਡਮਿੰਟਨ 'ਚ ਰਹਿਣ ਵਾਲੇ ਆਪਣੀਆਂ ਟਿਕਟਾਂ ਏਥੇ ਹੀ ਖਰੀਦੋ

New Location In EDMONTON Ph. (403) 462-4804

DUNHILL TRAVEL LTD.
4214 - 66 St.
Michaels Park Plaza
EDMONTON - ALTA

# A.M.C. Carpet Ltd.

**Unit 8 - 12950 - 80th Ave. Surrey, B.C.**

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**

ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :

**Phone for appointment**



AMARJIT SINGH CHAHAL

**Off. 594-6141**

**Res. 594-7595** **Pager 680-0214**

## ਸੇਲ

ਸਰੀ ਵਿਚ ਤਿੰਨ ਬੈਡ ਰੂਮ ਦਾ ਖੁਲ੍ਹਾ ਘਰ ਜਿਸ ਦੀ ਬੇਸਮੈਂਟ ਵਿਚ ਦੋ ਬੈਡ ਰੂਮ ਹਨ। ਉਪਰਲੇ ਤਿੰਨ ਬੈਡ ਰੂਮ ਕਿਰਾਏ ਤੇ ਦਿੱਤੇ ਹੋਏ ਹਨ ਤੇ ਬੇਸਮੈਂਟ ਵਿਚ ਮਾਲਕ ਦੀ ਰਿਹਾਇਸ਼ ਹੈ। ਘਰ ਸਿਰਫ ਅੱਠ ਸਾਲ ਪੁਰਾਣਾ ਹੈ ਅਤੇ ਬਹੁਤ ਵਧੀਆ ਜਗ੍ਹਾ 'ਤੇ ਹੈ

**ਕੀਮਤ ਸਿਰਫ 91250.00 ਡਾਲਰ ਹੈ**

ਸਰੀ ਵਿਚ ਤਕਰੀਬਨ 10 ਏਕੜ ਸੇਲ 'ਤੇ ਹਨ ਇਨ੍ਹਾਂ ਵਿਚ ਦੋ ਘਰ ਹਨ ਜੋ ਕਿਰਾਏ ਤੇ ਦਿਤੇ ਹੋਏ ਹਨ। ਇਹ ਦਸ ਏਕੜਾਂ ਦੇ 18 ਤੋਂ 20 ਲਾਟ ਬਣ ਸਕਦੇ ਹਨ।

**ਕੀਮਤ ਸਿਰਫ 375000.00 ਡਾਲਰ**

ਹੋਰ ਜਾਣਕਾਰੀ ਲਈ ਫੋਨ ਕਰੋ :

**ਦਲਜੀਤ ਸਿੰਘ ਤੂਰ**

**ਦਫਤਰ : 590-1321 ਜਾਂ**

ROYAL LePAGE **594-7629**

# ਜਗਦੀਸ਼ ਸਿੰਘ ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ਼ਰੀਦਣ, ਵੇਚਣ ਲਈ ਜਾਂ ਮੌਰਗੇਜ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

## ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ



ਜਗਦੀਸ਼ ਸਿੰਘ B.A.LL.B. (Pb.U.).

**Off. 324-6727**

**Res. 324-4160**

**#201 - 2001 East 36th Ave. [at victoria]**
**Vancouver, B.C. V5P 1C9**

**Via Rail Tickets Now issued here** to U.S.A and CANADA

**ਹੁਣੇ ਬੁੱਕ ਕਰਾਓ**

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ

**Travel to India, Europe &**

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT

*For booking conditions please call:*



## *Fourways Travel Limited*

**9341 - 120 St., (Scott Rd.) Delta, B.C.**

**Anywhere in the world.** **Ph. (604) 584-1411**

ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ

# GLOBAL IMMIGRATION SERVICES

WE ARE PROVIDING ALL IMMIGRATION SERVICES

## ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

### ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ



- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming.

Any other matter regarding Immigration.

**For Further Consultation Contact**

**KARNAIL SINGH NAGRA**

11420 GRANVILLE AVE. RICHMOND. B.C.

**PH. (604) 270-2100**

# ਚਲੰਤ ਮਾਮਲੇ

ਗੁਰਨਾਮ ਸਿੰਘ ਸੰਘੇੜਾ

## ਕੈਨੇਡਾ ਦੀ ਅਮੀਰੀ ਵਿਚ ਗਰੀਬੀ

ਗੁਰਨਾਮ ਸਿੰਘ ਸੰਘੇੜਾ

ਕੈਨੇਡਾ ਕੁਦਰਤੀ ਸੋਮਿਆਂ ਅਤੇ ਖਣਿਜਾਂ ਦੇ ਭੰਡਾਰਾਂ ਨਾਲ ਭਰਪੂਰ ਹੈ। ਇਸ ਨੂੰ "ਵੈਲਫੇਅਰ ਸਟੇਟ" ਭਾਵ ਹਰ ਔਖੇ ਸਮੇਂ ਲੋਕ ਭਲਾਈ ਵਾਲੀ ਸ਼ਰਕਾਰ ਆਖਿਆ ਜਾਂਦਾ ਹੈ। ਭਾਵੇਂ ਕਿ ਇਹ "ਸੋਸ਼ਲ ਸਿਕਿਉਰਿਟੀ" ਬੜੇ ਯਤਨਾਂ ਅਤੇ ਵਿਰੋਧਾਂ ਤੇ ਲੋਕ ਦਬਾਅ ਥੱਲੇ ਅਜ ਦੀ ਆਟੇ ਦਲੀਏ ਵਾਲੀ ਸੋਸ਼ਲ ਸਿਕਿਉਰਿਟੀ ਲਾਗੂ ਹੋਈ। ਅਜ ਭੀ ਕਈ "ਲੋਕ ਸਹਾਇਤਾ" ਦੇ ਪਰੋਗਰਾਮ ਕਾਫੀ ਛਾਣ ਬੀਣ ਤੋਂ ਪਿਛੋਂ ਦਿਤੇ ਜਾਂਦੇ ਹਨ। ਉਹਨਾਂ ਪਰੋਗਰਾਮਾਂ ਅਤੇ ਟੈਕਸ ਸਿਸਟਮ ਤੇ ਪਰਿਵਾਰ ਅਲਾਉਂਸ ਆਦਿ ਦਾ ਮਨੋਰਥ ਗਰੀਬਾਂ ਦੀ ਸਹਾਇਤਾ ਕਰਨਾ ਸੀ। ਪਹਿਲੀ ਗੱਲ ਤਾਂ ਇਹ ਕਿ ਜੇ ਚੋਖਟਾ ਜਾਂ ਢਾਂਚਾ ਅਮੀਰਾਂ ਦੇ ਹੱਕ ਵਾਲਾ ਹੈ ਤਾਂ ਉਸ ਵਿਚ ਰਹਿ ਕੇ ਗਰੀਬੀ ਦੂਰ ਨਹੀਂ ਹੋ ਸਕਦੀ। ਇਸ ਢਾਂਚੇ ਦੀ ਥਾਂ ਲੋਕ ਹਤੈਸ਼ੀ ਮਜ਼ਦੂਰ ਦੀ ਅਗਵਾਈ ਵਾਲੀ ਸਟੇਟ ਹੀ ਹੱਲ ਕਰ ਸਕਦੀ ਹੈ।

ਅਜ ਦਾ ਟੈਕਸ ਸਿਸਟਮ ਆਦਿ ਵੀ ਅਮੀਰ ਦੇ ਹੱਕ ਵਿਚ ਜਾਂਦਾ ਹੈ। ਮੁੱਖ ਨੁਕਤਾ ਹੈ ਕਿ ਕਿੰਨੀ ਆਮਦਨ ਦਾ ਕਿੰਨਾ ਹਿਸਾ ਟੈਕਸ ਵਿਚ ਜਾਂਦਾ ਹੈ। ਗੱਲ ਫੀ ਸਦੀ ਦੀ ਨਹੀਂ। ਜਿਵੇਂ ਜੇ ਵੀਹ ਫੀ ਸਦੀ ਟੈਕਸ ਹੋਵੇ ਤਾਂ ਸਾਲ ਵਿਚ ਸੱਠ ਹਜ਼ਾਰ ਵਾਲੀ ਤਨਖਾਹ ਵਾਲੇ ਪਾਸ ਟੈਕਸ ਪਿਛੋਂ ਅਠਤਾਲੀ ਹਜ਼ਾਰ ਰਹਿ ਜਾਂਦਾ ਹੈ ਪਰ ਸਾਲ ਦੀ ਸੋਲਾਂ ਹਜ਼ਾਰ ਤਨਖਾਹ ਵਾਲੇ ਪਾਸ ਸਿਰਫ ਬਾਰਾਂ ਹਜ਼ਾਰ ਅੱਠ ਸੋ। ਇਹ ਸਾਰਾ ਟੈਕਸ ਪ੍ਰਬੰਧ ਪਿਛੇ ਖਿਚੂ ਤੇ ਲੋਕ ਵਿਰੋਧੀ ਹੈ ਅਤੇ ਅਮੀਰਾਂ ਦੀਆਂ ਛੋਟਾਂ ਲਈ ਸੱਠ ਪਰੋਗਰਾਮ ਹਨ ਜਿਹਨਾਂ ਦਾ ਨਾਮ ਟੈਕਸ ਅਧੀਨ ਨਹੀਂ। ਉਸ ਲੁਕਵੇਂ ਪ੍ਰਬੰਧ ਨਾਲ ਅਮੀਰ ਵਰਗ ਨੂੰ ਅਰਬਾਂ ਡਾਲਰਾਂ ਦਾ ਲਾਭ ਹੁੰਦਾ ਹੈ। ਕੈਨੇਡੀਅਨ ਪੈਨਸ਼ਨ ਅਤੇ ਬੇਰੁਜ਼ਗਾਰੀ ਬੀਮੇ ਲਈ ਆਖਰੀ ਵੱਧੋ ਵੱਧ ਲੈਵਲ ਇਕੋ ਜਿਹਾ ਹੈ ਜਦੋਂ ਕਿ ਚਾਹੀਦਾ ਇਹ ਹੈ ਕਿ ਅਮੀਰਾਂ ਪਾਸੋਂ ਜ਼ਿਆਦਾ ਲਿਆ ਜਾਵੇ। ਕਈ ਲੋਕ ਹੌਂਸਲਾ ਅਫਜ਼ਾਈ ਅਤੇ ਕੰਮ ਕਰਨ ਲਈ ਸਾਹਸ ਜਾਂ ਕਮਾਈ ਅਨੁਸਾਰ ਦੇ ਨਾਮ ਤੇ ਇਸ ਨੂੰ ਠੀਕ ਦਸਦੇ ਹਨ ਪਰ ਗੱਲ ਇਹ ਨਹੀਂ। ਫਿਰ ਬੇ-ਰੁਜ਼ਗਾਰ ਨੂੰ ਕੰਮ ਕਿਉਂ ਨਾ ਮਿਲੇ। ਗਰੀਬੀ ਦਾ ਕਾਰਨ ਕੌਣ ਹੈ? ਕਾਣੀ ਵੰਡ ਇਸ ਦੀ ਜ਼ਿਮੇਵਾਰੀ ਸਰਕਾਰ ਤੇ ਇਸ ਨੂੰ ਚਲਾਉਣ ਵਾਲੀ ਜਮਾਤ ਸਿਰ ਹੈ।

ਅਮੀਰ ਅਗੇ ਨਾਲੋਂ ਅਮੀਰ ਹੋਇਆ ਹੈ। ਸਰਕਾਰੀ ਸੈਨੇਟ ਕਮੇਟੀ ਨੇ ਆਪਣੀ ਖੋਜ ਵਿਚ ਲਿਖਿਆ, "ਅਮੀਰ ਅਤੇ ਗਰੀਬ ਵਿਚਕਾਰ ਪਾੜਾ ਵਧ ਰਿਹਾ ਹੈ ਅਤੇ ਇਹ ਪਾੜਾ ਹੋਰ ਭੀ ਉਜਾਗਰ ਹੋ ਰਿਹਾ ਹੈ।" ਗਰੀਬੀ ਦੀ ਮਿਣਤੀ ਲਈ ਕਈ ਢੰਗ ਹਨ ਪਰ ਇਥੇ ਕਨੇਡੀਅਨ ਸਰਕਾਰ ਦੇ ਅੰਕੜਿਆਂ ਦੇ ਮਹਿਕਮੇ ਦੇ ਪੇਚਕੂ ਅਨੁਸਾਰ ਹੀ ਗੱਲ ਹੋ ਰਹੀ ਹੈ ਕਿ ਜਿਹੜਾ ਵਿਅਕਤੀ ਜਾਂ ਪਰਿਵਾਰ ਆਪਣੀ ਆਮਦਨ ਦਾ ਸੱਠ ਫੀ ਸਦੀ ਹਿੱਸੇ ਤੋਂ ਵੱਧ (ਪਹਿਲਾਂ ਸੱਤਰ ਫੀ ਸਦੀ ਤੋਂ ਵੱਧ ਦਾ ਮਿਆਰ ਸੀ) ਆਪਣੀ ਖੁਰਾਕ, ਕੱਪੜਾ ਅਤੇ ਰਿਹਾਇਸ਼ (ਮਕਾਨ ਕਿਰਾਇਆ ਜਾਂ ਕਿਸ਼ਤਾਂ ਆਦਿ) ਆਦਿ ਉਪਰ ਖਰਚ ਕਰਦਾ ਹੈ ਤਾਂ ਉਹ ਗਰੀਬੀ ਦੀ ਲਕੀਰ ਤੋਂ ਥੱਲੇ ਹੈ। ਗਰੀਬੀ ਦੇ ਕਾਰਨ ਜੀਵਨ ਦੀਆਂ ਕਈ ਜ਼ਰੂਰੀ ਚੀਜ਼ਾਂ ਖਰੀਦੀਆਂ ਨਹੀਂ ਜਾ ਸਕਦੀਆਂ। ਕਈ ਮਸਲੇ ਅਤੇ ਜੀਵਨ ਦੁਖਾਂਤ ਜਾਂ ਦੁਰਘਟਨਾਵਾਂ ਗਰੀਬੀ ਕਾਰਨ ਹੁੰਦੇ ਹਨ। ਨਾਲ ਹੀ ਇਥੇ ਦੀ ਦਫਤਰਸ਼ਾਹੀ ਅਤੇ ਅਫਸਰਸ਼ਾਹੀ ਭੀ ਗਰੀਬ ਨੂੰ ਟੇਢੀ ਅੱਖ ਨਾਲ ਵੇਖਦੀ ਹੈ। ਵਿਚਾਰਧਾਰਾ ਅਤੇ ਨੀਤੀ ਦਾ ਇਕ ਪੱਖ ਇਹ ਭੀ ਹੈ ਕਿ ਉਹ ਇਹ ਪੇਸ਼ ਕਰਦੀ ਹੈ ਕਿ ਗਰੀਬੀ ਇਸ ਜੀਵਨ ਦਾ ਅੰਗ ਹੈ ਅਤੇ ਇਹ "ਕਿ ਗਰੀਬੀ ਜਾਂ ਨਸ਼ਿਆਂ ਜਾਂ ਕੁਰਾਹਿਆਂ ਦੇ ਸ਼ਿਕਾਰ ਲੋਕ ਆਪ ਕਸੂਰਵਾਰ ਹਨ" ਜਾਂ ਇਹ ਆਖਿਆ ਜਾਂਦਾ ਹੈ ਕਿ "ਇਹ ਸੁਸਤ ਹਨ, ਗੈਰ ਜ਼ਿਮੇਂਵਾਰ ਹਨ ਅਤੇ ਇਹਨਾਂ ਦਾ ਟੱਬਰ ਹੀ ਇਸ ਤਰ੍ਹਾਂ ਦਾ ਹੈ ਆਦਿ ਪਰ ਇਸ ਵਿਤਕਰੇ ਭਰੀ, ਇਕ ਪਾਸੜ ਤੇ ਤੰਗ ਸੋਚਣੀ ਦੇ ਮਾਲਕ ਸਿਰਫ ਚਿੰਨ ਜਾਂ ਬਾਹਰੀ ਨਿਸ਼ਾਨ ਵੇਖਦੇ ਹਨ। ਇਸ ਦਾ ਕਾਰਨ ਨਹੀਂ ਭਾਲਦੇ ਤੇ ਨਾ ਹੀ ਜਾਣਨ ਦੀ ਕੋਸ਼ਿਸ਼ ਕਰਦੇ ਹਨ ਜਿਵੇਂ ਇਥੇ ਦੇ ਆਦੀ ਤੇ ਅਸਲੀ ਵਾਸੀਆਂ ਵਾਰੇ ਪਰਚਾਰਿਆ ਗਿਆ।

1981 ਵਿਚ ਕੈਨੇਡਾ ਵਿਚ ਗਰੀਬੀ ਦੀ ਲਕੀਰ ਤੋਂ ਥੱਲੇ ਰਹਿਣ ਵਾਲੇ ਸਾਰੀ ਵਸੋਂ ਦਾ ਪੰਦਰਾਂ ਫੀ ਸਦੀ ਭਾਵ ਚੌਤੀ ਲੱਖ ਪਚੰਨਵੇਂ ਹਜ਼ਾਰ ਲੋਕ ਸਨ। ਪਰ ਗਰੀਬੀ ਵਧਦੀ ਗਈ। ਕੀਮਤਾਂ ਚੜ੍ਹਦੀਆਂ ਗਈਆਂ। ਸਿੱਕੇ ਦਾ ਫੈਲਾਅ ਭੀ ਵਧਿਆ। ਤਨਖਾਹਾਂ ਦੇ ਵਾਧੇ ਵਾਰੇ ਬੜਾ ਰੌਲਾ ਪਾਇਆ ਪਰ ਕੀਮਤਾਂ ਅਤੇ ਮੁਨਾਫਿਆਂ ਤੇ ਕੋਈ ਰੋਕ ਨਾ ਲਾਈ। ਇਸ ਆੜੇ ਥੱਲੇ ਕਿ ਕਨੇਡਾ ਦਾ ਬਜਟ ਖਸਾਰੇ ਵਿਚ ਹੈ ਅਤੇ ਪੈਸਾ ਨਹੀਂ ਹੈ, ਕਈ ਸਮਾਜ ਸੇਵਾਵਾਂ ਵਿਚ ਕਟੌਤੀ ਕਰ ਦਿੱਤੀ। ਇਥੋਂ ਤੱਕ ਕਿ ਸਰਕਾਰ ਨੇ ਅਤੇ ਬੀ ਸੀ ਦੀ ਲੋਕ ਵਿਰੋਧੀ ਤੇ ਸੱਜ ਪਿਛਾਖੜੀ ਸਰਕਾਰ ਨੇ ਤਾਂ ਬੱਚਿਆਂ ਸੰਬੰਧੀ ਕਈ ਸੇਵਾਵਾਂ ਪ੍ਰਾਈਵੇਟ ਸੈਕਟਰ ਨੂੰ ਦੇ ਦਿੱਤੀਆਂ। ਇਸ ਸਾਲ ਦੀ ਸਰਕਾਰ ਰੀਪੋਰਟ ਅਨੁਸਾਰ ਸਗੋਂ ਹੁਣ ਉਹਨਾਂ ਉਪਰ ਜ਼ਿਆਦਾ ਖਰਚ ਆ ਰਿਹਾ ਹੈ। ਪਰ ਇਸ ਬੀ ਸੀ ਦੀ ਸਰਕਾਰ ਦਾ ਤਾਂ ਮਨੋਰਥ ਹੀ ਕੁਝ ਵਿਅਕਤੀਆਂ ਜਾਂ ਘਰਾਣਿਆਂ ਨੂੰ ਲਾਭ ਪਹੁੰਚਾਉਣਾ ਹੈ ਸਗੋਂ ਅੱਗੇ ਨੂੰ ਹੋਰ ਭੀ ਘਾਟਾ ਪਵੇਗਾ। ਖੈਰ ਇਸ "ਪ੍ਰਾਈਵੇਟ ਕਰਣ" ਤੇ ਸਰਕਾਰੀ ਅਦਾਰਿਆਂ ਨੂੰ ਵੇਚਣ ਵਾਰੇ ਫਿਰ ਲਿਖਾਂਗਾ।

1984 ਵਿਚ ਗਰੀਬੀ ਦੀ ਲਕੀਰ ਤੋਂ ਥੱਲੇ ਰਹਿਣ ਵਾਲਿਆਂ ਦੀ ਗਿਣਤੀ ਵਧ ਕੇ ਤਰਤਾਲੀ ਲੱਖ ਅਣੰਜਾ ਹਜ਼ਾਰ ਹੋ ਗਈ ਅਤੇ ਇਹ ਵਾਧਾ (ਚੌਂਹ ਸਾਲਾਂ ਵਿਚ) ਅੱਠ ਲੱਖ ਚੁਹੱਤਰ ਹਜ਼ਾਰ ਦਾ ਹੋਇਆ। ਸੋ ਆਪ ਹੀ ਸੋਚੋ ਕਿ ਕੀ ਇਹ ਕਨੇਡੀਅਨ ਜਾਂ ਸੂਬਾਈ ਸਰਕਾਰਾਂ ਗਰੀਬੀ ਵਿਚ ਵਾਧਾ ਕਰ ਰਹੀਆਂ ਹਨ ਕਿ ਨਹੀਂ? ਸਪਸ਼ਟ ਹੈ ਕਿ ਗਰੀਬੀ ਵਿਚ ਵਾਧੇ ਦੇ ਨਾਲ ਨਾਲ ਅਮੀਰਾਂ ਦੀ ਅਮੀਰੀ ਵਿਚ ਭੀ ਭਾਰੀ ਵਾਧਾ ਕਰ ਰਹੀਆਂ ਹਨ।

**1982 ਵਿਚ ਘੱਟ ਆਮਦਨ ਵਾਲੇ ਕੋਈ ਸੱਤ ਲੱਖ ਅਠੱਤੀ ਹਜ਼ਾਰ ਪਰਿਵਾਰ ਸਨ ਪਰ ਵਧ ਕੇ 1984 ਵਿਚ ਕੋਈ ਦਸ ਲੱਖ ਹੋ ਗਏ।** ਗਰੀਬੀ ਦਾ ਸ਼ਿਕਾਰ ਲੋਕ ਬਾਪ ਰਹਿਤ ਪਰਿਵਾਰ ਹਨ। ਪੱਚੀ ਸਾਲ ਦੀ ਉਮਰ ਤੋਂ ਘੱਟ ਇਕੱਲੇ ਰਹਿਣ ਵਾਲੇ ਵਿਅਕਤੀਆਂ ਦਾ ਪੰਜਾਹ ਫੀ ਸਦੀ ਹਿਸਾ ਗਰੀਬੀ ਵਿਚ ਰਹਿ ਰਿਹਾ ਹੈ। ਇਸ ਹੀ ਤਰ੍ਹਾਂ ਇਕੱਲੇ ਰਹਿਣ ਵਾਲੇ ਬਜ਼ੁਰਗਾਂ ਦਾ ਪੰਜਾਹ ਫੀ ਸਦੀ ਹਿਸਾ ਭੀ ਗਰੀਬੀ ਦਾ ਸ਼ਿਕਾਰ ਹੈ। ਪੱਚੀ ਸਾਲ ਦੀ ਉਮਰ ਤੋਂ ਘੱਟ ਪਤੀ ਪਤਨੀ ਵਾਲੇ ਪਰਿਵਾਰਾਂ ਦਾ ਤੇਤੀ ਫੀ ਸਦੀ ਹਿਸਾ ਆਰਥਕ ਸੰਕਟ ਦਾ ਸ਼ਿਕਾਰ ਅਤੇ ਗਰੀਬ ਹੈ। **ਸੋਲਾਂ ਸਾਲ ਦੀ ਉਮਰ ਤੋਂ ਘੱਟ ਵਾਲੇ ਗਰੀਬ ਬੱਚਿਆਂ ਦੀ 1980 ਵਿਚ ਗਿਣਤੀ ਅੱਠ ਲੱਖ ਛਿਆਨਵੇਂ ਹਜ਼ਾਰ ਸੀ ਪਰ ਵਧ ਕੇ 1984 ਵਿਚ ਬਾਰਾਂ ਹੋ ਗਈ।**

ਗਰੀਬੀ ਵਾਲੇ ਅੰਕੜੇ ਬੇ-ਰੁਜ਼ਗਾਰੀ ਵਾਰੇ ਗੱਲ ਨਹੀਂ ਦਸਦੇ। ਵੈਲਫੇਅਰ ਵਾਲੇ ਪੰਜਾਹ ਫੀ ਸਦੀ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਕੰਮ ਨਹੀਂ ਮਿਲ ਸਕਦਾ। ਅਤੇ ਛੋਟੀਆਂ ਸਰਵਿਸ ਦਸਤਕਾਰ (ਕੰਮਾਂ) ਵਾਲੀਆਂ ਫਰਮਾਂ ਸਭ ਤੋਂ ਘੱਟ ਤਨਖਾਹ ਦਿੰਦੀਆਂ ਅਤੇ ਨੌਕਰੀ ਦਾ ਕਲ ਦਾ ਭਰੋਸਾ ਨਹੀਂ। ਬ੍ਰਿਟਿਸ਼ ਕੁਲੰਬੀਆ ਵਿਚ ਪਰਿਵਾਰਿਕ ਗਰੀਬੀ ਦਾ ਰੇਟ 65 ਫੀ ਸਦੀ ਹੈ ਅਤੇ ਬੇ-ਰੁਜ਼ਗਾਰੀ ਦੀ ਦਰ ਬਾਰਾਂ ਤੋਂ ਚੌਦਾਂ ਫੀ ਸਦੀ। ਸਭ ਤੋਂ ਵੱਧ ਨੌਜੁਆਨ ਇਸ ਦਾ ਸ਼ਿਕਾਰ ਹਨ। ਹੁਣ ਅਮਰੀਕਾ ਨਾਲ 'ਫਰੀ ਟਰੇਡ' ਦਾ ਸਮਝੌਤਾ ਬੇ-ਰੁਜ਼ਗਾਰੀ ਅਤੇ ਗਰੀਬੀ ਵਿਚ ਹੋਰ ਵਾਧਾਂ ਕਰੇਗਾ। ਵੈਸੇ ਕੈਨੇਡਾ ਦੀ ਪੈਂਟ ਫੀ ਸਦੀ ਆਰਥਕਤਾ ਤਾਂ ਅੱਗੇ ਹੀ ਅਮਰੀਕਾ ਦੇ ਅਧੀਨ ਹੈ ਅਤੇ "ਨੋਰਡ" ਵਰਗੀਆਂ ਫੌਜੀ ਸੰਧੀਆਂ ਨਾਲ ਅਮਰੀਕਾ ਨੂੰ ਆਪਣੇ ਮਾਰੂ ਹਥਿਆਰਾਂ ਨੂੰ ਟੈਸਟ ਕਰਨ ਅਤੇ ਕੈਨੇਡਾ ਵਿਚ ਹਥਿਆਰ ਤੇ ਫੌਜਾਂ ਤਾਇਨਾਤ ਕਰਨ ਦਾ ਹੱਕ ਹੈ।

ਕੈਨੇਡਾ ਦੀ ਥੱਲੇ ਦੀ ਵੀਹ ਫੀ ਸਦੀ ਆਬਾਦੀ ਨੂੰ ਸਾਰੇ ਕੈਨੇਡਾ ਦੀ ਟੋਟਲ ਆਮਦਨ ਦਾ ਚਾਰ ਫੀ ਸਦੀ ਹਿਸਾ ਮਿਲਦਾ ਹੈ ਜਦ ਕਿ ਕੈਨੇਡਾ ਦੀ ਉਪਰਲੀ ਧਨੀ ਵੀਹ ਸਦੀ ਆਬਾਦੀ ਦੇ ਕੰਟਰੋਲ ਵਿਚ ਚਾਲੀ ਫੀ ਸਦੀ ਆਮਦਨ ਹੈ। ਗਰੀਬ ਹੋਰ ਗਰੀਬ ਹੋਇਆ ਹੈ। ਸਗੋਂ ਧੰਨ ਸੰਪਤੀ ਕੁਝ ਲੋਕਾਂ ਪਾਸ ਇਕੱਠੀ ਹੋ ਰਹੀ ਹੈ ਜਿਸ ਕਾਰਨ ਹੋਰ ਭੀ ਮਾੜਾ ਅਸਰ ਪੈ ਰਿਹਾ ਹੈ। ਹੈਨਰੀ ਨੋਇਲ ਨੇ ਕਿਹਾ ਹੈ ਕਿ 'ਕੈਨੇਡਾ ਦੇ ਬੱਤੀ ਘਰਾਣੇ ਇਥੇ ਦੀ ਆਰਥਕ ਤਾਕਤ ਨੂੰ ਹੱਥੀ ਵਿਚ ਲਈ ਬੈਠੇ ਹਨ" ਅਤੇ ਹੋਰ ਕੁਝ ਸਾਲਾਂ ਵਿਚ ਇਹਨਾਂ ਦੇ ਆਪਸੀ ਅੰਤਰ ਸੰਬੰਧਾਂ ਨਾਲ ਦੇਸ਼ ਨੂੰ ਚਲਾਉਣ ਵਾਲੇ ਛੇ ਗਰੁਪ ਰਹਿ ਜਾਣੇ ਹਨ। ਇਸ ਤਰ੍ਹਾਂ ਇਹਨਾਂ ਘਰਾਣਿਆਂ ਦੇ ਕੁਲ **ਰੈਵੇਨੀਉ ਇਕ ਸੋ ਤੇਈ ਬਿਲੀਅਨ ਡਾਲਰ ਹੈ ਜਦ ਕਿ ਕੈਨੇਡਾ ਦੀ ਫੈਡਰਲ ਸਰਕਾਰ ਦਾ ਰੈਵੇਨੀਉ ਅੱਸੀ ਬਿਲੀਅਨ ਡਾਲਰ ਹੈ।** ਸੋ ਕੀ ਇਹ ਲੋਕ ਸਰਕਾਰ ਤੇ ਹਾਵੀ ਨਹੀਂ ਹੋਣਗੇ? ਜ਼ਰੂਰ ਹੋਣਗੇ। ਇਸ ਹੀ ਕਰਕੇ ਤਾਂ ਆਖਦੇ ਹਾਂ ਕਿ ਧਨੀ ਜਮਾਤ ਹੀ ਹਾਕਮ ਜਮਾਤ ਦੇ ਤੌਰ ਤੇ ਸਟੇਟ ਨੂੰ ਚਲਾਉਂਦੀ ਹੈ। ਨਾਲ ਹੀ ਧਨ ਦੇ ਕੇਂਦਰਤ ਹੋਣ ਨਾਲ ਗਰੀਬੀ ਵਿਚ ਵਾਧਾ ਤਾਂ ਹੋਵੇਗਾ ਹੀ।

(ਅਗਲੇ ਹਫਤੇ — ਕੈਨੇਡਾ ਦੇ ਧਨੀ)

---

(ਪੰਨਾ 20 ਦੀ ਬਾਕੀ)

ਧਰਮਾਤਮਾ ਤੇ ਕਰਮ ਕਾਂਡੀ ਜਾਪਦੇ ਹਨ। ਮੂੰਹੋਂ ਵੇਦ ਮੰਤਰ ਅਤੇ ਸੁਖਮਨੀ ਸਾਹਿਬ ਪੜ੍ਹਦੇ ਹੋਏ ਭੀ ਬੰਦਿਆਂ ਦੀ ਛਾਤੀ ਵਿਚ ਛੁਰੀ ਖੋਭਣ ਤੋਂ ਸੰਗਦੇ ਨਹੀਂ।

ਕਾਜੀ ਕੂੜੁ ਬੋਲਿ ਮਲੁ ਖਾਇ ॥
ਬ੍ਰਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥ (ਧਨਾਸਰੀ ਮ: 1)

ਭਾਵ ਕਾਜ਼ੀ ਕੂੜ ਬੋਲਕੇ ਮੁਰਦਾਰ ਮੋਇਆਂ ਪਸ਼ੂਆਂ ਨੂੰ ਖਾਂਦਾ ਹੈ। ਬ੍ਰਾਹਮਣ ਤੇ ਜੋਗੀ 'ਮਾਸ' ਨਹੀਂ ਖਾਂਦੇ ਪਰ ਉਂਝ ਕਈਆਂ ਦੇ ਕੰਮ ਵਿਗਾੜ ਕੇ ਉਨ੍ਹਾਂ ਦਾ ਨੁਕਸਾਨ ਕਰਦੇ ਹਨ। ਗਰਜ਼ ਏਹ ਤਿੰਨੇ ਹੀ ਦੁਨੀਆਂ ਨੂੰ ਉਜਾੜਨ ਵਾਲੇ ਬੰਦੇ ਹਨ। ਪਰ ਵਾਹਵਾ ਕਈ ਪਖੰਡੀ ਮਾਸ ਤਾਂ ਨਹੀਂ ਖਾਂਦੇ ਪ੍ਰੰਤੂ ਜੇ ਕੋਈ ਉਨ੍ਹਾਂ ਦੇ ਢਹੇ ਚੜ੍ਹ ਜਾਵੇ ਤਾਂ ਉਸ ਨੂੰ ਅੱਡੀ ਚੋਟੀ ਤੱਕ ਹੀ ਖਾ ਜਾਂਦੇ ਹਨ! ਜਿਹਨਾਂ ਦਾ ਹਾਲ ਸਾਹਿਬ ਕਬੀਰ ਜੀ ਇਉਂ ਦਸਦੇ ਹਨ

ਗਜ ਸਾਢੇ ਤੈ ਤੈ ਧੋਤੀਆਂ,
ਤਿਹਰੇ ਪਾਇਨਿ ਤਗ ॥
ਗਲੀ ਜਿਨਾਂ ਜਪ ਮਾਲੀਆਂ,
ਲੋਟੇ ਹਥਿ ਨਿਬਗ।
ਓਇ ਹਰਿ ਕੇ ਸੰਤ ਨ ਆਖੀਅਹਿ,
ਬਾਨਾਰਸਿ ਕੇ ਠਗ। (ਗੁਰੂ ਗ੍ਰੰਥ ਪੰਨਾ 475)

(ਚਲਦਾ)

---

ਦੁਸ਼ਮਣੀ ਨੇ ਕੁਝ ਕੁ ਬਸਤੀ ਦੇ ਉਜਾੜੇ ਘਰ ਜ਼ਰੂਰ,
ਦੋਸਤੀ ਤੇਰੀ ਘਰਾਂ ਦੇ ਘਰ ਮਗਰ ਹੈ ਖਾ ਗਈ।




MORTGAGE MONEY?

High mortgage amounts available on conventional basis
No insurance fees!
Purchasing or re-financing

Bad credit rating? Turn Down?

NO PROBLEM

Residential, Commercial, Motels & Interim financing.
1st & 2nd Mortgages

1 & 2nd Mortgage up to 85-90%

AFRO-CANADIAN MORTGAGE LTD.
8 YEARS EXPERIENCE
SHERALI VELJI
Monday to Friday 9.30 to 5.30
Saturday 11-4

Ph. 433-6391
Ste. 300-3665 Kingsway Vancouver, B.C
Res: 433-7975



THINKING OF BUYING or SELLING
(RESIDENTIAL, COMMERCIAL, FARMS & INDUSTRIAL)

L/R
Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE






NIRMAL (NEIL) DHALIWAL
Bus: 588-9955 Res: 597-2069

I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.




ਰਾਹੇ ਬੰਦੇ 'ਤੇ ਪੰਜ ਕੇਸ ਪਾ ਦੇਈਏ ਜਾਂ ਛੇ ਜਾਂ ਛੱਡ ਦੇਈਏ, ਇਹ ਤਾਂ ਆਪਣੇ ਹੱਥ 'ਚ ਹੈ ਯਾਰਾ...।




## ਫਿਲਮੀ ਕੁੜੀਆਂ ਦੀ ਕਹਿਣੀ ਤੇ ਕਰਨੀ

ਫਿਲਮ ਅਭਿਨੇਤਰੀਆਂ ਆਪਣੇ ਕੈਰੀਅਰ ਦੇ ਸ਼ੁਰੂ ਵਿਚ ਦਮਗਜ਼ੇ ਮਾਰਨਗੀਆਂ ਕਿ ਅਹਿ ਅਸੀਂ ਕਰਾਂਗੀਆਂ ਤੇ ਅਹਿ ਅਸੀਂ ਨਹੀਂ ਕਰਾਂਗੀਆਂ ਪਰ ਜਿਉਂ ਜਿਉਂ ਫਿਲਮਾਂ ਦੀ ਜਿਲ੍ਹਣ ਵਿਚ ਧਸਦੀਆਂ ਜਾਂਦੀਆਂ ਹਨ, ਉਨ੍ਹਾਂ ਦੇ ਦਾਅਵੇ ਉਡ-ਪੁਡ ਜਾਂਦੇ ਹਨ, ਪੈਰ-ਪੈਰ ਉਤੇ ਉਹ ਸਮਝੌਤੇ ਕਰਨ ਲਗਦੀਆਂ ਹਨ ।

ਇਸ ਖੇਤਰ ਵਿਚ ਪੈਰ ਪਾਉਂਦਿਆਂ ਹੀ (ਦੋ ਚਾਰ ਨੂੰ ਛੱਡ ਕੇ) ਹਰ ਹੀਰੋਇਨ ਨੇ ਇਹ ਕਿਹਾ ਕਿ ਉਹ ਅੰਗ ਪ੍ਰਦਰਸ਼ਨ ਵਿਚ ਜ਼ਿਆਦਾ ਵਿਸ਼ਵਾਸ ਨਹੀਂ ਰੱਖਦੀ ਜਾਂ ਫਿਰ ਕਿਹਾ ਕਿ ਉਹ ਇਕ ਹੱਦ ਤੋਂ ਵੱਧ ਹਰਗਿਜ਼ ਸਰੀਰ ਦੀ ਨੁਮਾਇਸ਼ ਨਹੀਂ ਕਰੇਗੀ । ਪਰ ਅਗਾਂਹ ਜਾ ਕੇ ਉਹ ਖਿੜੇ ਮੱਥੇ ਖੁਲ੍ਹੇ ਦ੍ਰਿਸ਼ ਫਿਲਮਾਉਣ ਨੂੰ ਮੰਨ ਜਾਂਦੀਆਂ ਹਨ । ਫੇਰ ਉਨ੍ਹਾਂ ਕੋਲ ਬਹਾਨਾ ਇਹ ਹੁੰਦਾ ਹੈ ਕਿ 'ਸਿਚੂਏਸ਼ਨ ਡਿਮਾਂਡ ਕਰਦੀ ਸੀ' ਜਾਂ 'ਜਿਸ ਕੋਲ ਕੁਝ ਹੈ, ਉਹ ਉਸ ਦਾ ਪ੍ਰਦਰਸ਼ਨ ਕਿਉਂ ਨਾ ਕਰੇ' ਵਗੈਰਾ ਵਗੈਰਾ।

ਕਿਮੀ ਕਾਟਕਰ ਨੇ ਜਦੋਂ 'ਪੱਥਰ ਦਿਲ' ਅਜੇ ਸਾਈਨ ਕੀਤੀ ਸੀ ਤਾਂ ਸਰੀਰਕ ਪ੍ਰਦਰਸ਼ਨ ਦੇ ਖਿਲਾਫ ਇਕ ਤੋਂ ਵੱਧ ਵਾਰ ਬੋਲੀ । ਪਰ 'ਟਾਰਜ਼ਨ' ਨੇ ਉਸ ਉਪਰ 'ਸੈਕਸ ਬੰਬ' ਹੋਣ ਦੀ ਐਸੀ ਮੋਹਰ ਲਗਾਈ ਕਿ ਹੁਣ ਜਿਸਮ ਦੀ ਨੁਮਾਇਸ਼ ਹੀ ਉਸ ਦਾ 'ਵੱਡਾ ਗੁਣ' ਬਣ ਗਿਆ ਹੈ ।

ਇਸੇ ਤਰ੍ਹਾਂ ਜਦੋਂ ਮੰਦਾਕਨੀ ਨੇ ਪਹਿਲਾਂ-ਪਹਿਲ ਰਣਜੀਤ ਵਿਰਕ ਦੇ ਮੁੰਡੇ ਅਮਨ ਵਿਰਕ ਨਾਲ ਫਿਲਮ ਸਾਈਨ ਕੀਤੀ ਤਾਂ ਗਿੱਟਾ ਵੀ ਦਿਖਾਉਣ ਨੂੰ ਤਿਆਰ ਨਹੀਂ ਸੀ ਪਰ ਉਹੀਓ ਮੰਦਾਕਨੀ ਤੋਂ ਰਾਜ ਕਪੂਰ ਨੇ 'ਰਾਮ ਤੇਰੀ ਗੰਗਾ ਮੈਲੀ' ਵਿਚ ਕੀ ਨਹੀਂ ਕਰਵਾਇਆ ਤੇ ਹੁਣ ਹਰੇਕ ਫਿਲਮ ਵਿਚ ਉਸ ਨੂੰ ਕਦੇ ਤਲਾਅ, ਕਦੇ ਜੰਗਲ, ਕਦੇ ਝਰਨਾ ਤੇ ਕਦੇ ਪਾਰਕ ਵਿਚ ਘੱਟ ਤੋਂ ਘੱਟ ਕੱਪੜਿਆਂ ਵਿਚ ਆਮ ਦਿਖਾਇਆ ਜਾ ਰਿਹਾ ਹੈ ।

ਉਂਜ, ਇਸ ਮਾਮਲੇ ਵਿਚ ਹੇਮਾ ਮਾਲਿਨੀ, ਨੂਤਨ ਤੇ ਜਯਾ ਪ੍ਰਦਾ ਨੂੰ 'ਸ਼ੁਧ ਭਾਰਤੀ ਨਾਰੀ' ਦੇ ਬਿੰਬ ਪੇਸ਼ ਕਰਨ ਵਾਲੀਆਂ ਅਭਿਨੇਤਰੀਆਂ ਆਖਿਆ ਜਾਂਦਾ ਹੈ। ਪਰ 'ਸਪਨੋਂ ਕਾ ਸੌਦਾਗਰ' ਤੇ "ਲਲਕਾਰ" ਫਿਲਮ ਦੇ ਕੁਝ ਦ੍ਰਿਸ਼ ਹੇਮਾ ਮਾਲਿਨੀ ਨੇ ਇਸ ਦਾਅਵੇ ਨੂੰ ਜ਼ਰਾ ਕੁ ਠੇਸ ਪਹੁੰਚਾਉਂਦੇ ਹਨ ਅਤੇ 'ਯਾਦਗਾਰ' ਫਿਲਮ ਦੇ ਦ੍ਰਿਸ਼ ਨੂਤਨ ਦੇ ਸਟੈਂਡ ਨੂੰ ਜ਼ਰਾ ਕੁ ਹਿਲਾਉਂਦੇ ਹਨ । ਜਯ ਪ੍ਰਦਾ ਬਹੁਤੀਆਂ ਫਿਲਮਾਂ ਵਿਚ ਸਾੜ੍ਹੀ ਪਹਿਨੀ ਹੋਈ ਦਿਖਾਈ ਦਿੰਦੀ ਹੈ ਪਰ ਧਰਮਿੰਦਰ ਨਾਲ ਆ ਰਹੀ ਇਕ ਫਿਲਮ ਵਿਚ ਕਹਿੰਦੇ ਨੇ ਉਹ ਵੀ ਆਪਣੇ ਦਾਅਵੇ ਤੋਂ ਪਰ੍ਹੇ ਚਲੀ ਗਈ ਹੈ



*ਸਾਢੇ ਤਿੰਨ ਹੱਥ ਧਰਤੀ ਤੇਰੀ, ਬਹੁਤੀਆਂ ਜ਼ਮੀਨਾਂ ਵਾਲਿਆ...*

*ਕਿਸ਼ੋਰ ਕੁਮਾਰ ਜੋ ਹੁਣ ਸਾਡੇ ਵਿਚਕਾਰ ਨਹੀਂ ਰਹੇ । ਛੋਟੀਆਂ ਦੋ ਤਸਵੀਰਾਂ ਉਨ੍ਹਾਂ ਦੀਆਂ ਛੋਟੇ ਹੁੰਦਿਆਂ ਦੀਆਂ ਹਨ ।*

## ਗੂੜ੍ਹੀਆਂ ਪੈੜਾਂ ਕਰ ਗਿਆ ਕਿਸ਼ੋਰ ਕੁਮਾਰ

ਐਵੇਂ ਕਹਿਣ ਦੀ ਗੱਲ ਨਹੀਂ ਬਲਕਿ ਇਹ ਸਖਤ ਸਚਾਈ ਹੈ ਕਿ ਕਿਸ਼ੋਰ ਕੁਮਾਰ ਦੇ ਤੁਰ ਜਾਣ ਨਾਲ ਭਾਰਤੀ ਫਿਲਮਾਂ ਲਈ ਪਿਠਵਰਤੀ ਗਾਇਕਾਂ ਦੇ ਖੇਤਰ ਵਿਚ ਇਕ ਵੱਡਾ ਖੱਪਾ ਪੈ ਗਿਆ ਹੈ । ਅਜਿਹਾ ਖੱਪਾ ਉਦੋਂ ਵੀ ਪਿਆ ਸੀ ਜਦੋਂ ਮੁਹੰਮਦ ਰਫੀ ਤੁਰਿਆ ਸੀ, ਜਦੋਂ ਮੁਕੇਸ਼ ਗਿਆ ਸੀ । ਉਹ ਤਿੰਨੋਂ ਯੁਗ-ਗਾਇਕ ਕਹਾਉਣ ਦੇ ਹੱਕਦਾਰ ਬਣੇ ।

ਪਿਛਲੇ ਇਕ-ਡੇਢ ਸਾਲ ਵਿਚ ਪਿਠਵਰਤੀ ਗਾਇਕਾਂ ਵਜੋਂ ਬਹੁਤ ਸਾਰੇ ਨਾਂ ਉਭਰੇ ਹਨ ਜਿਵੇਂ ਸੁਰੇਸ਼ ਵਾਡਕਰ, ਮੁਹੰਮਦ ਅਜ਼ੀਜ਼, ਮਨਹਰ, ਅਨਵਰ, ਜਸਪਾਲ ਸਿੰਘ, ਸ਼ਬੀਰ ਕੁਮਾਰ, ਸ਼ੈਲੇਂਦਰ, ਅਮਿਤ ਕੁਮਾਰ, ਯਸੂਦਾਸ ਤੇ ਕਈ ਹੋਰ ਪਰ ਉਨ੍ਹਾਂ ਵਿਚੋਂ ਕੋਈ ਇਕ ਵੀ ਅਜੇ ਤੱਕ ਸਮਰਥਾ ਵਾਲਾ ਗਾਇਕ ਨਹੀਂ ਬਣ ਸਕਿਆ ਜਿਹਾ ਕਿ ਰਫੀ-ਮੁਕੇਸ਼-ਕਿਸ਼ੋਰ ਨੇ ਬਣ ਕੇ ਦਿਖਾਇਆ ਸੀ । ਮਹਾਨ ਮਰਦ-ਗਾਇਕਾਂ ਵਜੋਂ ਸਾਡੇ ਕੋਲ ਇਸ ਵੇਲੇ ਸਿਰਫ ਇਕੋ ਹੀ ਗਾਇਕ ਰਹਿ ਗਿਆ ਹੈ ਤੇ ਉਹ ਹੈ ਮਹਿੰਦਰ ਕਪੂਰ ।

ਕਿਸ਼ੋਰ ਕੁਮਾਰ ਦਾ ਅਸਲ ਨਾਂ ਕਿਸ਼ੋਰ ਕੁਮਾਰ ਨਹੀਂ ਸੀ । ਸਕੂਲ ਕਾਲਜ ਦੇ ਸਰਟੀਫਿਕੇਟਾਂ ਵਿਚ ਉਸ ਦਾ ਨਾਂ ਆਭਾਸ ਕੁਮਾਰ ਸੀ । ਪਿਤਾ ਦਾ ਨਾਂ ਕੁੰਜ ਲਾਲ ਗੰਗੋਲੀ ਤੇ ਮਾਤਾ ਦਾ ਨਾਂ ਗੌਰੀ ਦੇਵੀ ।

ਉਹ ਮਸਤ ਤਬੀਅਤ ਵਾਲਾ ਬੰਦਾ ਸੀ । ਉਸ ਨੇ ਚਾਰ ਵਿਆਹ ਕਰਵਾਏ । ਪਹਿਲੀਆਂ ਪਤਨੀਆਂ ਰੂਮਾ, ਮਧੂ ਬਾਲਾ ਤੇ ਯੋਗੀਤਾ ਬਾਲੀ ਸਨ ਜਦ ਕਿ ਚੌਥੀ ਪਤਨੀ ਲੀਨਾ ਚੰਦਾਵਰਕਰ ਸੀ ਜਿਸ ਨਾਲ ਉਹ ਅੱਜ ਕੱਲ੍ਹ ਰਹਿ ਰਿਹਾ ਸੀ । ਕਿਸ਼ੋਰ ਆਪਣੇ ਦੋਹਾਂ ਭਰਾਵਾਂ ਨਾਲੋਂ ਛੋਟਾ ਸੀ ਭਾਵੇਂ ਉਹ ਤਿੰਨੇ ਫਿਲਮ ਲਾਈਨ ਨਾਲ ਸਬੰਧਤ ਰਹੇ ਪਰ ਅਸ਼ੋਕ ਕੁਮਾਰ, ਕਿਸ਼ੋਰ ਕੁਮਾਰ ਤੇ ਅਨੂਪ ਕੁਮਾਰ ਦੀ ਆਪਸ ਵਿਚ ਘੱਟ ਹੀ ਬਣਦੀ ਸੀ । ਕਿਸੇ ਖਾਸ ਦਿਨ-ਸੁਦ ਜਾਂ ਮੌਕੇ ਉਪਰ ਹੀ ਉਹ ਇਕ-ਦੂਜੇ ਦੇ ਘਰ ਆਇਆ-ਜਾਇਆ ਕਰਦੇ ਸਨ । ਇਕੋ ਖੇਤਰ ਵਿਚ ਹੋਣ ਦੇ ਬਾਵਜੂਦ ਉਹ ਇਕ-ਦੂਜੇ ਲਈ ਸਹਾਈ ਸਿੱਧ ਨਾ ਹੋਏ । ਅਸ਼ੋਕ ਕੁਮਾਰ ਸਦਾ ਹੀ ਕਿਸ਼ੋਰ ਕੁਮਾਰ ਨੂੰ 'ਅਸਫਲ ਐਕਟਰ' ਆਖਦਾ ਰਿਹਾ ਤੇ ਕਿਸ਼ੋਰ ਕੁਮਾਰ ਹਮੇਸ਼ਾ ਅਸ਼ੋਕ ਕੁਮਾਰ ਨੂੰ 'ਬਿਸਨਿਸ ਮੈਨ' ਕਹਿੰਦਾ ਰਿਹਾ । ਅਨੂਪ ਕੁਮਾਰ ਆਰਥਿਕ ਪੱਖੋਂ ਕਮਜ਼ੋਰ ਰਿਹਾ ਤੇ ਉਸ ਦੀ ਨਾ ਅਸ਼ੋਕ ਨੇ ਸਾਰ ਪੁੱਛੀ, ਨਾ ਕਿਸ਼ੋਰ ਕੁਮਾਰ ਨੇ ।

ਖੇਮ ਚੰਦ ਦੇ ਸੰਗੀਤ ਵਿਚ ਫਿਲਮਾਂ ਲਈ ਪਹਿਲੀ ਵਾਰ ਕਿਸ਼ੋਰ ਕੁਮਾਰ ਨੇ 'ਜ਼ਿੱਦੀ' ਫਿਲਮ ਵਿਚ 'ਮਰਨੇ ਕੀ ਦੁਆਏਂ ਕਿਉਂ ਮੰਗੂ' ਗੀਤ ਗਾਇਆ ਤੇ ਇਸੇ ਫਿਲਮ ਵਿਚ ਲਤਾ ਮੰਗੇਸ਼ਕਰ ਨਾਲ ਇਕ ਦੋਗਾਣਾ ਵੀ । ਉਹ ਸਟਾਰ-ਗਾਇਕ ਬਣਿਆ ਫਿਲਮ 'ਅਰਾਧਨਾ' ਦੇ ਗੀਤਾਂ ਤੋਂ । ਹਿੰਦੀ ਫਿਲਮੀ ਗੀਤਾਂ ਵਿਚ ਆਉਣ ਸਮੇਂ 'ਯਾਡੀਲਿੰਗ' ਛੂਹਾਂ ਦੀ ਵਰਤੋਂ ਨਾਲ ਕਿਸ਼ੋਰ ਕੁਮਾਰ ਨਿਕੇਵਲਾ ਤੇ ਆਪਣੀ ਕਿਸਮ ਦਾ ਗਾਇਕ ਬਣ ਗਿਆ । ਕਈ ਨਵੇਂ ਗਾਇਕਾਂ ਨੇ ਉਸ ਦੀ ਗਾਇਨ-ਸ਼ੈਲੀ ਨੂੰ ਅਪਨਾਉਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬੀ ਨਾ ਮਿਲੀ । ਇਥੋਂ ਤੱਕ ਕਿ ਕਿਸ਼ੋਰ ਦੇ ਲੜਕੇ ਅਮਿਤ ਕੁਮਾਰ ਨੇ ਵੀ ਬਾਪ ਦੇ ਰੰਗ ਨੂੰ ਅਪਨਾਉਣ ਦਾ ਯਤਨ ਕੀਤਾ ਪਰ ਗੱਲ ਅਜੇ ਬਣ ਨਹੀਂ ਸਕੀ ।

ਭਾਵੇਂ ਕਿਸ਼ੋਰ ਕੁਮਾਰ ਚੰਗੀਆਂ-ਚੰਗੀਆਂ ਅਭਿਨੇਤਰੀਆਂ ਨਾਲ ਫਿਲਮਾਂ ਵਿਚ ਅਭਿਨੇਤਾ ਵੀ ਆਇਆ, ਕੁਝ ਫਿਲਮਾਂ ਹਿੱਟ ਵੀ ਹੋਈਆਂ, ਇਸੇ ਤਰ੍ਹਾਂ ਉਹ ਪ੍ਰੋਡਿਊਸਰ ਵੀ ਬਣਿਆ ਤੇ ਸੰਗੀਤਕਾਰ ਵੀ ਬਣਦਾ ਰਿਹਾ ਪਰ ਉਹ ਸਮੁੱਚੇ ਤੌਰ ਉਤੇ ਇਕ ਗਾਇਕ ਵਜੋਂ ਹੀ ਸਥਾਪਤ ਹੋਇਆ । ਹਾਲਾਂ ਕਿ 'ਨਿਊ ਦਿੱਲੀ', 'ਭਾਈ ਭਾਈ', 'ਆਸ਼ਾ', 'ਲੁਕੋ ਚੋਰੀ' (ਬੰਗਲਾ), 'ਚਲਤੀ ਕਾ ਨਾਮ ਗਾਡੀ', 'ਪਿਆਰ ਕੀਏ ਜਾ', 'ਦਿੱਲੀ ਕਾ ਠੱਗ' ਤੇ 'ਚੰਦਨ' ਵਰਗੀਆਂ ਕਿਸ਼ੋਰ ਕੁਮਾਰ ਦੀਆਂ ਫਿਲਮਾਂ ਨੇ ਜੁਬਲੀਆਂ ਮਨਾਈਆਂ ਪਰ ਜਿਸ ਕਿਸ਼ੋਰ ਕੁਮਾਰ ਨੂੰ ਹਿੰਦੁਸਤਾਨ ਦਾ ਹਰ ਬੱਚਾ-ਬੁੱਢਾ ਜਾਣਦਾ ਹੈ ਤੇ ਜਿਸ ਦੀ ਮਹਿਮਾ ਵਿਦੇਸ਼ਾਂ ਵਿਚ ਵੀ ਹੁੰਦੀ ਹੈ, ਉਸ ਕਿਸ਼ੋਰ ਕੁਮਾਰ ਦੀ ਵੱਡੀ ਦੇਣ ਇਹ ਗੀਤ ਹਨ : ਦੁਖੀ ਮਨ ਮੇਰੇ, ਛੋਟਾ ਸਾ ਘਰ ਹੋਗਾ, ਅਜਨਬੀ ਤੁਮ ਜਾਨੇ ਪਹਿਚਾਨੇ ਸੇ ਲਗਤੇ ਹੋ, ਯੇ ਦਰਦ ਭਰਾ ਅਫਸਾਨਾ, ਗਾਤਾ ਰਹੇ ਮੇਰਾ ਦਿਲ, ਮੇਰੇ ਸਪਨੋਂ ਕੀ ਰਾਨੀ ਕਬ ਆਏਗੀ ਤੂੰ, ਕੋਈ ਹਮਦਮ ਨਾਵ ਰਹਾ, ਤੁਮ ਬਿਨ ਜਾਊਂ ਕਹਾਂ, ਤੇਰੀ ਦੁਨੀਆਂ ਸੇ ਹੋ ਕੇ ਮਜ਼ਬੂਰ ਚਲਾ, ਧਰਤੀ ਕੀ ਤਰਹ ਤੂੰ ਦੁਖ ਸਹਿ ਲੇ, ਮੇਰੇ ਨਸੀਬ ਮੇਂ ਐ ਦੋਸਤ ਤੇਰਾ ਪਿਆਰ ਨਹੀਂ, ਕੋਈ ਲੌਟਾ ਦੇ ਮੇਰੇ ਬੀਤੇ ਹੁਏ . ਦਿਨ, ਚਲ ਚਲ ਮੇਰੇ ਸਾਥੀ, ਛੁਪ ਗਏ ਸਾਰੇ ਨਜ਼ਾਰੇ, ਰਾਮ ਕਾ ਨਾਮ ਬਦਨਾਮ ਨਾ ਕਰੋ ਤੇ ਜ਼ਿੰਦਗੀ ਇਕ ਸਫਰ ਹੈ ਸੁਹਾਨਾ ਆਦਿ ਆਦਿ ।

ਪੁਰਸਕਾਰਾਂ ਤੇ ਸਨਮਾਨਾਂ ਦੇ ਮਹਾਨ ਗਾਇਕ ਮੁਥਾਜ਼ ਨਹੀਂ ਹੁੰਦੇ । ਫਿਰ ਵੀ ਕਿਸ਼ੋਰ ਕੁਮਾਰ ਨੂੰ 8 ਵਾਰ ਫਿਲਮਫੇਅਰ ਐਵਾਰਡ ਮਿਲਿਆ । ਲਾਇਨਜ਼ ਕਲੱਬ ਬੰਬਈ ਨੇ ਉਸ ਨੂੰ 14 ਵਾਰ ਲਗਾਤਾਰ ਸਨਮਾਨਿਆ । ਬੰਗਾਲ ਫਿਲਮ ਜਰਨਲਿਸਟ ਐਸੋਸੀਏਸ਼ਨ ਵਲੋਂ ਉਸ ਨੂੰ ਸੱਤ ਵਾਰ ਸਨਮਾਨਤ ਕੀਤਾ ਗਿਆ ਸੀ । ਮੱਧ ਪ੍ਰਦੇਸ਼ ਸਰਕਾਰ ਨੇ ਜੋ 'ਲਤਾ ਮੰਗੇਸ਼ਕਰ ਐਵਾਰਡ' ਰੱਖਿਆ ਹੈ, ਉਹ ਕਿਸ਼ੋਰ ਨੂੰ ਮਿਲ ਚੁਕਾ ਸੀ ।

ਪਿਠਵਰਤੀ ਗਾਇਕ ਓਨਾ ਵੱਧ ਚੱਲੇਗਾ ਜਿੰਨਾ ਵੱਧ ਉਸ ਦੀ ਆਵਾਜ਼ ਨਾਲ ਮੇਲ ਖਾਣ ਵਾਲਾ ਐਕਟਰ । ਜਿਵੇਂ ਰਾਜ ਗਪੂਰ ਕਾਰਨ ਮੁਕੇਸ਼ ਦੀ ਕੀਮਤ ਵਧਦੀ ਗਈ ਤਿਵੇਂ ਦੇਵ ਆਨੰਦ ਤੇ ਰਾਜੇਸ਼ ਖੰਨਾ ਕਾਰਨ ਕਿਸ਼ੋਰ ਕੁਮਾਰ ਦੀ ਪੁੱਛ-ਪ੍ਰਤੀਤ ਵਿਚ ਵਾਧਾ ਹੁੰਦਾ ਗਿਆ । ਉਂਜ ਉਸ ਨੇ ਸਮੇਂ ਸਮੇਂ ਸਿਰ ਲਗਭਗ ਸਾਰੇ ਵੱਡੇ ਐਕਟਰਾਂ ਨੂੰ ਆਵਾਜ਼ ਦਿੱਤੀ

ਕਿਸ਼ੋਰ ਕੁਮਾਰ ਵਿਚ ਨਰ-ਬੰਦਿਆਂ ਵਾਲੀ 'ਗੱਲ' ਵੀ ਸੀ । ਐਮਰਜੈਂਸੀ ਦੇ ਦਿਨਾਂ ਵਿਚ ਉਸ ਨੇ ਸੰਜੇ ਗਾਂਧੀ ਦੇ ਪਰੋਗਰਾਮ ਵਿਚ ਹਾਜ਼ਰ ਹੋਣ ਤੋਂ ਨਾਂਹ ਕਰ ਦਿੱਤੀ । ਨਤੀਜਾ ਇਹ ਹੋਇਆ ਕਿ ਟੈਲੀਵੀਜ਼ਨ ਅਤੇ ਆਲ ਇੰਡੀਆ ਰੇਡੀਓ ਨੇ ਸਰਕਾਰੀ ਇਸ਼ਾਰੇ ਉਤੇ ਉਸ ਦੇ ਗਾਣੇ ਲਗਾਉਣੇ ਬੰਦ ਕਰ ਦਿੱਤੇ । ਪਰ ਕਿਸ਼ੋਰ ਕੁਮਾਰ ਝੁਕਿਆ ਨਾ । ਇਸੇ ਤਰ੍ਹਾਂ ਇਕ ਵਾਰ ਅਮਿਤਾਬ ਬਚਨ ਨੇ ਜਦੋਂ ਉਸ ਦਾ ਆਖਾ ਨਾ ਮੰਨਿਆ ਤਾਂ ਕਿਸ਼ੋਰ ਕੁਮਾਰ ਨੇ ਵੀ ਪ੍ਰਤੀਕਰਮ ਵਜੋਂ ਅਮਿਤਾਬ ਦੀਆਂ ਫਿਲਮਾਂ ਲਈ ਗਾਉਣ ਤੋਂ ਇਨਕਾਰ ਕਰ ਦਿੱਤਾ ਸੀ ।

ਬੰਦੇ ਦੇ ਮਰਨ ਨਾਲ ਹੀ ਉਸ ਦੇ ਔਗੁਣ ਦਬ ਜਾਂਦੇ ਹਨ । ਹਰ ਕੋਈ ਜਜ਼ਬਾਤੀ ਪੱਧਰ ਉਤੇ ਤੁਰ ਜਾਣ ਵਾਲੇ ਦੀਆਂ ਸਿਫਤਾਂ ਹੀ ਕਰਦਾ ਹੈ । ਉਂਜ ਕਿਸੇ ਵੀ ਸਾਧਾਰਨ ਮਨੁੱਖ ਵਿਚ ਨੁਕਸ ਜ਼ਰੂਰ ਹੁੰਦੇ ਹਨ ਜਾਂ ਕਹਿ ਲਓ ਕਿ ਕੋਈ ਵੀ ਸੰਪੂਰਨ ਨਹੀਂ ਹੁੰਦਾ । ਕਿਸ਼ੋਰ ਕੁਮਾਰ ਦੇ ਸੁਭਾਅ ਵਿਚ

→

ਪੰਨਾ 26 ਦੀ ਬਾਕੀ

ਵੀ ਕੁਝ ਖਾਮੀਆਂ ਸਨ। ਉਹ ਹੱਦ ਦਰਜੇ ਦਾ ਕੰਜੂਸ ਸੀ। ਉਹ ਪੈਸਾ ਲਏ ਬਿਨਾਂ ਪੈਰ ਨਹੀਂ ਸੀ ਪੁੱਟਦਾ। ਉਹ ਆਪਣੇ ਰੇਟ ਵਿਚ ਅਕਸਰ ਵਾਧਾ ਕਰਦਾ ਰਹਿੰਦਾ ਸੀ। ਪ੍ਰੋਡਿਊਸਰ ਦੀ ਮਜ਼ਬੂਰੀ ਜਾਂ ਆਰਥਿਕ ਹਾਲਤ ਦਾ ਕਿਸ਼ੋਰ ਕੁਮਾਰ ਨੇ ਕਦੇ ਵੀ ਅਹਿਸਾਸ ਨਹੀਂ ਸੀ ਕੀਤਾ ਲੋੜੋਂ ਵੱਧ ਪੈਸਾ ਹੋਣ ਦੇ ਬਾਵਜੂਦ ਉਸ ਨੂੰ ਹੋਰ ਕਮਾਈ ਕਰਨ ਦੀ ਲਲ਼ਕ ਲੱਗੀ ਰਹਿੰਦੀ ਸੀ। ਉਹ ਛੇਤੀ ਕੀਤੇ ਕਿਸੇ ਨਾਲ ਉਧਾਰ ਨਹੀਂ ਸੀ ਕਰਦਾ। ਉਸ ਤੋਂ ਵਧੀਆ ਕੰਮ ਲੈਣ ਲਈ ਐਡਵਾਂਸ ਪੈਸਾ ਦੇਣਾ ਜ਼ਰੂਰੀ ਬਣ ਗਿਆ ਸੀ। ਉਹਦੀ ਸਾਬਕਾ ਪਤਨੀ ਯੋਗੀਤਾ ਬਾਲੀ ਨੇ ਇਕ ਵਾਰ ਉਹਦੀ ਕੰਜੂਸੀ ਦਾ ਕਿਧਰੇ ਵਿਸਥਾਰ ਵਿਚ ਜ਼ਿਕਰ ਕਰਦਿਆਂ ਕਿਹਾ ਸੀ ਕਿ ਕਿਸ਼ੋਰ ਕੁਮਾਰ ਤੋਂ ਜੇਕਰ ਡੇਢ ਸੌ ਰੁਪਏ ਦੀ ਕੋਈ ਚੀਜ਼ ਮੰਗਵਾਉਂਦੀ ਸਾਂ ਤਾਂ ਉਹ ਪਚੰਤਰ ਰੁਪਿਆਂ ਦੀ ਚੀਜ਼ ਲਿਆ ਕੇ ਦਿੰਦਾ ਸੀ। ਇਥੋਂ ਤੱਕ ਕਿ ਕਿਸ਼ੋਰ ਕੁਮਾਰ ਕਈ ਵਾਰ ਰਿਸਾਲਿਆਂ, ਅਖਬਾਰਾਂ ਤੇ ਰਿਪੋਰਟਰਾਂ ਨੂੰ ਕਹਿ ਦਿੰਦਾ ਸੀ 'ਇੰਟਰਵਿਊ ਤਾਂ ਦੇਵਾਂਗਾ ਪਰ ਉਸ ਦੇ ਬਦਲੇ ਵਿਚ ਪੇਮੈਂਟ ਲਵਾਂਗਾ।' ਪ੍ਰੈਸ ਵਾਲਿਆਂ ਨੂੰ ਇਹ ਨਫਰਤ ਕਰਦਾ ਸੀ ਤੇ ਬਹੁਤ ਘੱਟ ਮਿਲਦਾ ਸੀ।

ਭਾਵੇਂ ਕਿਸ਼ੋਰ ਕੁਮਾਰ ਦੀ ਗਾਇਕੀ ਵਿਚ ਹੁਣ ਉਹ ਚੜ੍ਹਤ ਨਹੀਂ ਸੀ ਰਹੀ ਫਿਰ ਵੀ ਉਸ ਕੋਲ ਗਾਣਿਆਂ ਦਾ ਰੁਝੇਵਾਂ ਅਜੇ ਬਹੁਤ ਸੀ।

# ਹਰਿਆਣਾ ਅਤਿਵਾਦੀਆਂ ਨਾਲ ਨਿਪਟਣ ਲਈ ਕਮਾਂਡੋ ਫੋਰਸ ਦੀਆਂ 4 ਕੰਪਨੀਆਂ ਖੜੀਆਂ ਕਰੇਗਾ

ਚੰਡੀਗੜ੍ਹ — ਭਰੋਸੇ ਯੋਗ ਸੂਤਰਾਂ ਅਨੁਸਾਰ ਹਰਿਆਣੇ ਵਿਚ ਕੇਂਦਰੀ ਬਲੈਕ ਕੈਟ ਪੈਟਰਨ ਤੇ ਸਪੈਸ਼ਲ ਕਮਾਂਡੋ ਫੋਰਸ ਦੀਆਂ ਚਾਰ ਕੰਪਨੀਆਂ ਸਥਾਪਤ ਕੀਤੀਆਂ ਜਾਣਗੀਆਂ। ਇਹਨਾਂ ਕਮਾਂਡੋ ਦਸਤਿਆਂ ਨੂੰ ਪੰਜਾਬ ਤੋਂ ਏਧਰ ਆਉਣ ਵਾਲੇ ਅਤਿਵਾਦੀਆਂ ਨਾਲ ਨਿਪਟਣ ਲਈ ਵਿਸ਼ੇਸ਼ ਟਰੇਨਿੰਗ ਦਿਤੀ ਜਾਵੇਗੀ। ਇਹ ਕਮਾਂਡੋ ਦਸਤੇ ਡੀ. ਆਈ. ਜੀ. ਰੇਲਵੇ ਉਪਰੇਸ਼ਨ ਤਹਿਤ ਪਹਿਲਾਂ ਹੀ ਕੰਮ ਕਰ ਰਹੇ ਕਮਾਂਡੋ ਦਸਤਿਆਂ ਨਾਲੋਂ ਵਖਰੇ ਹੋਣਗੇ। ਇਹਨਾਂ ਹਲਕਿਆਂ ਅਨੁਸਾਰ ਹਰਿਆਣਾ ਪੁਲਸ ਨੇ ਸਫਲਤਾ ਸਹਿਤ ਰਾਜ ਅੰਦਰ 74 ਅਤਿਵਾਦੀ ਠਿਕਾਣਿਆਂ ਦਾ ਪਤਾ ਲਾਇਆ ਹੈ ਅਤੇ ਬਹੁਤ ਸਾਰੇ ਵਿਅਕਤੀ ਗ੍ਰਿਫਤਾਰ ਕੀਤੇ ਹਨ ਜਿਨ੍ਹਾਂ ਵਿਚ ਦਰੀਆਪੁਰ ਕਾਂਡ ਦੇ ਦੋਸ਼ੀ ਵੀ ਹਨ।

ਸਾਡਾ ਕਿਧਰੇ ਵਸਣ ਦਾ ਨਾ ਹੋਇਆ ਪ੍ਰਬੰਧ।
'ਏਧਰ ਛੱਤਾਂ ਟੇਢੀਆਂ, ਓਧਰ ਕੱਢਣ ਕੰਧ।

ਸਿਲਤਾਂ ਫਿਰ ਵੀ ਉਠਦੀਆਂ ਤਿੱਖੀਆਂ ਨੈਣਾਂ ਹਾਰ,
ਘਸ ਚਲੀ ਹੈ ਜ਼ਿੰਦਗੀ ਏਨਾ ਕੀਤਾ ਰੰਦ।



ਜਰਨੈਲ ਸਿੰਘ ਸਰਾਂ

ਮਕਾਨ ਖ੍ਰੀਦਣ ਜਾਂ ਵੇਚਣ ਲਈ

ਤਜਰਬੇਕਾਰ ਸੇਲਜ਼ਮੈਨ ਦੇ ਤਜਰਬੇ ਦਾ ਲਾਭ ਉਠਾਓ

ਅੱਜ ਹੀ

**ਜਰਨੈਲ ਸਿੰਘ ਸਰਾਂ** ਨੂੰ ਫ਼ੋਨ ਕਰੋ

**ਫ਼ੋਨ : 585-4888**

**ਘਰ : 590-0413**

For Professional Market Evaluation and Consultation contact

**Jarnail S. Saran**

**Bus: 585-4888 Res: 590-0413**

9320 Scott Road (120 St.) Surrey, B.C. V3V 4B8

*For any kind of PRINTING or ADVERTISING Jobs*

# *Cost Cutter Advertisers*

## Phone 588-2828

- ☐ Business Cards ☐ Invitation Cards ☐ Wedding Cards
- ☐ Personal Cards
- ☐ Flyers ☐ Coupons ☐ Office Stationery ☐ Calenders

SPECIAL 10% OFF our reg. price COUPON Canada Darpan

FREE Pick up & Delivery minimum order $50.00

**500 Business Cards ...... $22.00**
**5,000 Flyers .................. $90.00**

### *SPECIAL LOW RATES for big volume printing orders for*

- *Pizza* ■ *Restaurant* ■ *Auto Dealers* ■ *Body Shop*
- *Real Estate Agent* ■ *Travel Agent* ■ *Flyers etc.*

**Classified**

## Matrimonial

Wanted a suitable match for a Jat Sikh well-educated girl, 23 years, 5'2" Med. Lab. technologist working in hospital. Canadian Citizen, family well-settled in Canada and U.S.A. Please write with full details:

**R B (303)**
**C/o The Canada Darpan Weekly**
**P.O.BOX 265**
**SURREY, B.C. V3T 4W8**

## ਨਵਾਂ ਘਰ ਵਿਕਾਊ ਹੈ

ਸਰੀ ਦੇ ਵਧੀਆ ਇਲਾਕੇ ਵਿਚ ਨਵਾਂ ਘਰ ਵਿਕਾਊ ਹੈ ਜਿਸ ਵਿਚ ਉਤਲੇ ਹਿੱਸੇ ਵਿਚ ਤਿੰਨ ਬੈੱਡ ਰੂਮ ਹਨ — ਫੈਮਿਲੀ ਰੂਮ ਹੈ। ਬੇਸਮੈਂਟ ਮੁਕੰਮਲ ਹੈ। 'ਦੋ ਵਾਸ਼ ਰੂਮ ਹਨ। ਸਕੂਲ, ਬੱਸ ਸਟੈਂਡ ਤੇ ਸ਼ਾਪਿੰਗ ਸੈਂਟਰ ਨਾਲ ਲੱਗਦੇ ਹਨ।

**ਕੀਮਤ ਕੇਵਲ $1, 14, 500**

ਹੋਰ ਜਾਣਕਾਰੀ ਲਈ ਫੋਨ ਕਰੋ :—
585-4349
ਜਾਂ 585-3613

## ਕੈਨੇਡਾ ਦਰਪਣ ਦੇ ਪਾਠਕਾਂ ਅਤੇ ਵਪਾਰੀ ਵੀਰਾਂ ਲਈ

'ਕੈਨੇਡਾ ਦਰਪਣ' ਦੇ ਦਫ਼ਤਰ ਦਾ ਸਮਾਂ :
ਸੋਮਵਾਰ ਤੋਂ ਸ਼ੁਕਰਵਾਰ — 10 ਵਜੇ ਤੋਂ 5 ਵਜੇ ਸ਼ਾਮ

**ਫੋਨ : 581-4473**

**'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ**

**SUBSCRIPTION FORM**

To **The Canada Darpan**
**P.O.BOX 265**
**Surrey, B.C.**
**Canada, V3T 4W8**
**Ph. 581-4473**

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name........................................
Address........................................
City........................................
Province........................................
Postal code........................................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year .................. | 65 dollars |
| Life membership.......... | 300 dollars |
| ASIA.......................... | 100 dollars[a year] |
| U.S.A. ...................... | 30 dollars [a year] |
| Europe ...................... | 100 dollars[a year] |
| Africa ...................... | 100 dollars [a year] |

# ALMOST WHOLESALE

# PRICES SLASHED

| | | | | | | |
|---|---|---|---|---|---|---|
| 79<br>PONTIAC<br>TRANSAM<br>T-ROOF<br>$3750 | 79<br>CADILLAC<br>SEVILLE<br>Loaded<br>$7249 | 75<br>Dodge<br>Boogie VAN<br>$3150 | 82<br>AUDI 5000s<br>LOADED<br>$7949 | 81<br>GMC Pick up<br>V-6, P/S—P/B<br>$4950 | 85<br>BUICK<br>LESABRE<br>P/DL A/C P/W<br>$10449 | 81<br>PONTIAC<br>TRANS AM<br>T-ROOF<br>76000km<br>One Owner<br>$7150 |
| 79<br>OLDSMOBLE<br>TORNADO<br>Loaded<br>$6444 | 85<br>BUICK<br>CENTURY<br>Loaded<br>LIKE NEW<br>$9444 | 80<br>BUICK<br>SKYLARK LTD.<br>P/S P/B V-6<br>TILT A/C<br>$4499 | 82<br>CHEVROLET<br>CHEVETTE<br>ECONOMY CAR<br>$2749 | 81<br>TOYOTA SUPRA<br>LOADED<br>$7150 | 79<br>CHEVROLET<br>CAMARO<br>2 TONE PAINT<br>$3149 | 79<br>CHEVROLET<br>MONZA<br>MUST SEE<br>$2499 |
| 85<br>Olds Tornado<br>Loaded<br>P/Sun roof<br>$14750 | 79<br>FORD<br>GRANADA<br>ONE OWNER<br>LOW MILEAGE<br>75000km<br>$1899 | 76<br>CHEVROLET<br>Boogie VAN<br>BEAUTIFUL<br>IN AND OUT<br>$3333 | 76<br>CADILLAC<br>SEDAN<br>DEVILLE<br>LOADED<br>$2449 | 79<br>DODGE<br>TRAVEL VAN<br>PROPANE<br>BRAND NEW<br>INTERIOR<br>$6535 | 78<br>AUDI 5000<br>LOADED<br>Rebuilt Engine<br>No Miles<br>$4649 | 74<br>DODGE VAN<br>CAMPERIZED<br>STEAL AT THIS<br>PRICE<br>$3549 |

## CALL 522-2122 COLLECT

SUPER LOW PRICES ON MANY MORE QUALITY USED VEHICLES IN STOCK

# GILL AUTO SALES




DLR #8220

7762 - Edmonds St., Burnaby, B.C.

OPEN MON.—FRI. 9 AM-8 PM — SAT. 9 AM-6 PM — SUN. 10 AM-4 PM